# Punjab Government Gazette

## EXTRAORDINARY

*Published by Authority*

CHANDIGARH, TUESDAY, JULY 29, 2025

(SRAVANA 7, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਜੇਲ੍ਹਾਂ ਵਿਕਾਸ ਬੋਰਡ ਐਕਟ, 2020 (2020 ਦਾ ਪੰਜਾਬ ਐਕਟ ਨੰ. 10) | ...213-222 |
| | 2. ਪੰਜਾਬ ਕਾਨੂੰਨ (ਅਣਅਧਿਕਾਰਤ ਕਲੋਨੀਆਂ ਦੇ ਨਿਯਮਤਕਰਨ ਲਈ ਵਿਸ਼ੇਸ਼ ਉਪਬੰਧ) ਐਕਟ, 2018 (2018 ਦਾ ਪੰਜਾਬ ਐਕਟ ਨੰ. 10) | ...223-231 |
| | 3. ਪੰਜਾਬ ਰਾਜ ਉਚੇਰੀ ਸਿੱਖਿਆ ਪਰਿਸ਼ਦ ਐਕਟ, 2018 (2018 ਦਾ ਪੰਜਾਬ ਐਕਟ ਨੰ. 24) | ...233-242 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ -1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 28 ਜੁਲਾਈ, 2025

**ਨੰ: 23/ਭ.ਕ./2025.-** ਪੰਜਾਬ ਜੇਲ੍ਹਾਂ ਵਿਕਾਸ ਬੋਰਡ ਐਕਟ, 2020 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 28th July, 2025

**No. 23/L.C./2025.-** The Translation in Punjabi of the Punjab Prisons Development Board Act, 2020 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਜੇਲ੍ਹਾਂ ਵਿਕਾਸ ਬੋਰਡ ਐਕਟ, 2020

(2020 ਦਾ ਪੰਜਾਬ ਐਕਟ ਨੰ: 10)

ਜੇਲ੍ਹ ਅਤੇ ਸੁਧਾਰਾਤਮਕ ਪ੍ਰਸ਼ਾਸਨ, ਖਾਸ ਕਰਕੇ ਅਤੇ ਸੁਧਾਰਾਤਮਕ ਦਖਲਅੰਦਾਜ਼ੀਆਂ, ਕੈਦੀਆਂ ਅਤੇ ਜੇਲ੍ਹ ਸਟਾਫ਼ ਦੀ ਭਲਾਈ ਨੂੰ ਮਜ਼ਬੂਤ ਕਰਨ ਅਤੇ ਜੇਲ੍ਹ ਉਦਯੋਗਾਂ ਦੇ ਵਿਸਥਾਰ ਲਈ ਪੰਜਾਬ ਜੇਲ੍ਹਾਂ ਵਿਕਾਸ ਬੋਰਡ ਦਾ ਗਠਨ ਕਰਨ ਲਈ ਅਤੇ ਇਸ ਨਾਲ ਸਬੰਧਤ ਜਾਂ ਇਸ ਨਾਲ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਇਕੱਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਜੇਲ੍ਹਾਂ ਵਿਕਾਸ ਬੋਰਡ ਐਕਟ, 2020 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਉਸ ਤਰੀਕ ਨੂੰ ਨਾਫ਼ਜ਼ ਹੋਵੇਗਾ ਜੋ ਰਾਜ ਸਰਕਾਰ, ਸਰਕਾਰੀ ਗਜ਼ਟ

ਵਿੱਚ ਅਧਿਸੂਚਨਾ ਦੁਆਰਾ, ਨਿਯਤ ਕਰੇ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਬੋਰਡ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਗਠਿਤ ਪੰਜਾਬ ਜੇਲ੍ਹਾਂ ਵਿਕਾਸ ਬੋਰਡ;

(ਅ) "ਇਮਾਰਤ" ਵਿੱਚ ਇੱਕ ਘਰ, ਸੌਣ ਵਾਲਾ ਕਮਰਾ, ਬੈਰਕ, ਕਾਲ-ਕੋਠੜੀ, ਪਖਾਨਾ, ਗੋਦਾਮ, ਛੱਪਰ, ਝੌਂਪੜੀ, ਕੰਧ ਅਤੇ ਕੋਈ ਹੋਰ ਢਾਂਚਾ ਸ਼ਾਮਲ ਹੈ ਭਾਵੇਂ ਉਹ ਚਿਣਾਈ, ਇੱਟਾਂ, ਮਿੱਟੀ, ਲੱਕੜ, ਧਾਤ, ਸੀਮਿੰਟ, ਕੰਕਰੀਟ ਜਾਂ ਕਿਸੇ ਵੀ ਹੋਰ ਸਮੱਗਰੀ ਦਾ ਹੋਵੇ;

(ੲ) "ਚੇਅਰਪਰਸਨ" ਦਾ ਮਤਲਬ ਹੈ ਬੋਰਡ ਦਾ ਚੇਅਰਪਰਸਨ;

(ਸ) "ਫ਼ੰਡ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 10 ਵਿੱਚ ਹਵਾਲਾ ਦਿੱਤਾ ਗਿਆ ਜੇਲ੍ਹਾਂ ਵਿਕਾਸ ਫ਼ੰਡ;

(ਹ) "ਸਰਕਾਰ" ਦਾ ਮਤਲਬ ਹੈ ਪੰਜਾਬ ਸਰਕਾਰ ਵਿੱਚ ਗ੍ਰਹਿ ਮਾਮਲੇ, ਨਿਆਂ ਅਤੇ ਜੇਲ੍ਹਾਂ ਵਿਭਾਗ;

(ਕ) "ਭੌਂ" ਵਿੱਚ ਭੌਂ ਵਿਚਲੇ ਜਾਂ ਉਸ ਉੱਤੇ ਅਧਿਕਾਰ ਅਤੇ ਜ਼ਮੀਨ ਤੋਂ ਪੈਦਾ ਹੋਣ ਵਾਲੇ ਫ਼ਾਇਦੇ, ਅਤੇ ਇਮਾਰਤਾਂ, ਢਾਂਚੇ ਅਤੇ ਧਰਤੀ ਨਾਲ ਜੁੜੀਆਂ ਜਾਂ ਧਰਤੀ ਨਾਲ ਜੁੜੀ ਕਿਸੇ ਵੀ ਚੀਜ਼ ਨਾਲ ਸਥਾਈ ਤੌਰ ਤੇ ਜੁੜੀਆਂ ਚੀਜ਼ਾਂ ਸ਼ਾਮਲ ਹਨ;

(ਖ) "ਮੈਂਬਰ" ਦਾ ਮਤਲਬ ਹੈ ਬੋਰਡ ਦਾ ਚੇਅਰਪਰਸਨ, ਸੀਨੀਅਰ ਵਾਈਸ-ਚੇਅਰਪਰਸਨ, ਵਾਈਸ-ਚੇਅਰਪਰਸਨ, ਮੈਂਬਰ-ਸਕੱਤਰ ਅਤੇ ਮੈਂਬਰ;

(ਗ) "ਮੈਂਬਰ-ਸਕੱਤਰ" ਦਾ ਮਤਲਬ ਹੈ ਬੋਰਡ ਦਾ ਮੈਂਬਰ-ਸਕੱਤਰ;

(ਘ) "ਅਧਿਸੂਚਨਾ" ਦਾ ਮਤਲਬ ਹੈ ਪੰਜਾਬ ਸਰਕਾਰ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਅਧਿਸੂਚਨਾ ਅਤੇ "ਅਧਿਸੂਚਿਤ" ਸ਼ਬਦ ਦਾ ਅਰਥ ਉਸੇ ਅਨੁਸਾਰ ਕੀਤਾ ਜਾਵੇਗਾ;

(ਙ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਚ) "ਜੇਲ੍ਹ" ਦਾ ਮਤਲਬ ਹੈ ਪੰਜਾਬ ਸਰਕਾਰ ਦੇ ਆਮ ਜਾਂ ਵਿਸ਼ੇਸ਼ ਹੁਕਮਾਂ ਅਧੀਨ ਕੈਦੀਆਂ ਦੀ ਨਜ਼ਰਬੰਦੀ ਲਈ ਸਥਾਈ ਤੌਰ ਤੇ ਜਾਂ ਅਸਥਾਈ ਤੌਰ ਤੇ ਵਰਤੀ ਜਾਂਦੀ ਕੋਈ ਜੇਲ੍ਹ ਜਾਂ ਥਾਂ, ਅਤੇ ਇਸ ਵਿੱਚ ਉਸ ਨਾਲ ਜੁੜੀਆਂ ਸਾਰੀਆਂ ਭੌਆਂ ਅਤੇ ਇਮਾਰਤਾਂ ਸ਼ਾਮਲ ਹਨ;

(ਛ) "ਨਿਯਮ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮ;

(ਜ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ;

(ਝ) "ਸੀਨੀਅਰ ਵਾਈਸ-ਚੇਅਰਪਰਸਨ" ਦਾ ਮਤਲਬ ਹੈ ਬੋਰਡ ਦਾ ਸੀਨੀਅਰ ਵਾਈਸ-ਚੇਅਰਪਰਸਨ; ਅਤੇ

(ਞ) "ਵਾਈਸ-ਚੇਅਰਪਰਸਨ" ਦਾ ਮਤਲਬ ਹੈ ਬੋਰਡ ਦਾ ਵਾਈਸ-ਚੇਅਰਪਰਸਨ।

3. (1) ਅਜਿਹੀ ਤਰੀਕ ਤੋਂ, ਜਿਵੇਂ ਸਰਕਾਰ ਅਧਿਸੂਚਨਾ ਦੁਆਰਾ ਇਸ ਨਮਿੱਤ ਉਲਿਖਤ ਕਰੇ, ਪੰਜਾਬ ਜੇਲ੍ਹਾਂ ਵਿਕਾਸ ਬੋਰਡ ਦੇ ਨਾਂ ਨਾਲ ਜਾਣਿਆ ਜਾਂਦਾ ਬੋਰਡ ਗਠਿਤ ਕਰੇਗੀ। ਬੋਰਡ ਦਾ ਗਠਨ ਅਤੇ ਬਣਤਰ।

(2) ਉਪ-ਧਾਰਾ (1) ਅਧੀਨ ਗਠਿਤ ਬੋਰਡ ਇੱਕ ਨਿਗਮਤ ਬਾਡੀ ਹੋਵੇਗੀ ਜਿਸ ਦਾ ਸਦੀਵੀ ਉਤਰਾਧਿਕਾਰੀ ਹੋਵੇਗਾ ਅਤੇ ਇਸ ਦੀ ਇੱਕ ਸਾਂਝੀ ਮੋਹਰ ਹੋਵੇਗੀ, ਜਿਸ ਕੋਲ ਚੱਲ ਅਤੇ ਅਚੱਲ ਦੋਵੇਂ ਤਰ੍ਹਾਂ ਦੀਆਂ ਸੰਪੱਤੀਆਂ ਨੂੰ ਅਰਜਤ ਕਰਨ, ਧਾਰਨ ਕਰਨ ਅਤੇ ਵੇਚਣ, ਇਸ ਐਕਟ ਦੇ ਪ੍ਰਯੋਜਨਾਂ ਲਈ ਅਨੁਸੰਗਕ ਅਤੇ ਜ਼ਰੂਰੀ ਚੀਜ਼ਾਂ ਕਰਨ ਲਈ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ 'ਤੇ ਦਾਵਾ ਕੀਤਾ ਜਾ ਸਕੇਗਾ।

(3) ਬੋਰਡ ਦਾ ਮੁੱਖ ਦਫ਼ਤਰ ਚੰਡੀਗੜ੍ਹ ਜਾਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜਾਂ ਅਜਿਹੀ ਹੋਰ ਥਾਂ ਤੇ ਹੋਵੇਗਾ ਜਿਵੇਂ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਜਾਵੇ।

(4) ਬੋਰਡ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗਾ, ਅਰਥਾਤ:-

| | |
|---|---|
| (ੳ) ਮੁੱਖ ਮੰਤਰੀ; | ਚੇਅਰਪਰਸਨ |
| (ਅ) ਜੇਲ੍ਹਾਂ ਮੰਤਰੀ; | ਸੀਨੀਅਰ ਵਾਈਸ-ਚੇਅਰਪਰਸਨ |
| (ੲ) ਵਧੀਕ ਮੁੱਖ ਸਕੱਤਰ ਜਾਂ ਪ੍ਰਮੁੱਖ ਸਕੱਤਰ ਜਾਂ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ, ਨਿਆਂ ਅਤੇ ਜੇਲ੍ਹ ਵਿਭਾਗ; | ਵਾਈਸ-ਚੇਅਰਪਰਸਨ |
| (ਸ) ਵਧੀਕ ਮੁੱਖ ਸਕੱਤਰ ਜਾਂ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮਾਲ ਅਤੇ ਪੁਨਰਵਾਸ ਵਿਭਾਗ; | ਅਹੁਦੇ ਕਾਰਨ ਮੈਂਬਰ |
| (ਹ) ਵਧੀਕ ਮੁੱਖ ਸਕੱਤਰ ਜਾਂ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,ਵਿੱਤ ਵਿਭਾਗ; | ਅਹੁਦੇ ਕਾਰਨ ਮੈਂਬਰ |

| | | |
|---|---|---|
| (ੳ) | ਕਾਨੂੰਨੀ ਮਸ਼ੀਰ ਅਤੇ ਸਕੱਤਰ, ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ; | ਅਹੁਦੇ ਕਾਰਨ ਮੈਂਬਰ |
| (ਖ) | ਰਜਿਸਟਰਾਰ ਜਨਰਲ, ਪੰਜਾਬ ਅਤੇ ਹਰਿਆਣਾ ਹਾਈ ਕੋਰਟ; | ਅਹੁਦੇ ਕਾਰਨ ਮੈਂਬਰ |
| (ਗ) | ਡਾਇਰੈਕਟਰ, ਪ੍ਰਾਸੀਕਿਊਸ਼ਨ ਅਤੇ ਲਿਟੀਗੇਸ਼ਨ, ਪੰਜਾਬ; | ਅਹੁਦੇ ਕਾਰਨ ਮੈਂਬਰ |
| (ਘ) | ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਦੋ ਗੈਰ-ਸਰਕਾਰੀ ਵਿਅਕਤੀ ਜਿੰਨ੍ਹਾਂ ਵਿੱਚ ਘੱਟੋ-ਘੱਟ ਇੱਕ ਔਰਤ ਹੋਵੇਗੀ, ਅਤੇ ਜਿਨ੍ਹਾਂ ਨੇ ਆਪਣੇ ਆਪ ਨੂੰ ਜੇਲ੍ਹ ਪ੍ਰਸ਼ਾਸਨ ਜਾਂ ਜੇਲ੍ਹ ਸੁਧਾਰਾਂ ਦੇ ਖੇਤਰ ਵਿੱਚ ਪ੍ਰਸਿੱਧ ਕੀਤਾ ਹੈ; | ਗੈਰ-ਸਰਕਾਰੀ ਮੈਂਬਰ |
| (ਙ) | ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਕੇਂਦਰੀ ਜੇਲ੍ਹ ਦੇ ਸੁਪਰਡੰਟ ਜਾਂ ਇਸ ਦੇ ਬਰਾਬਰ ਜਾਂ ਇਸ ਤੋਂ ਉੱਪਰ ਦੇ ਅਹੁਦੇ ਰੱਖਣ ਵਾਲੇ ਦੋ ਜੇਲ੍ਹ ਅਧਿਕਾਰੀ; ਅਤੇ | ਮੈਂਬਰ |
| (ਚ) | ਡਾਇਰੈਕਟਰ ਜਨਰਲ ਜੇਲ੍ਹਾਂ ਜਾਂ ਵਧੀਕ ਡਾਇਰੈਕਟਰ ਜਨਰਲ, ਜੇਲ੍ਹਾਂ। | ਮੈਂਬਰ-ਸਕੱਤਰ |

ਗੈਰ-ਸਰਕਾਰੀ ਮੈਂਬਰ ਦੇ ਅਹੁਦੇ ਦੀ ਅਉਧ।

4. (1) ਬੋਰਡ ਦਾ ਗੈਰ-ਸਰਕਾਰੀ ਮੈਂਬਰ ਤਿੰਨ ਸਾਲਾਂ ਦੀ ਮੁੱਦਤ ਜਾਂ ਸੱਤਰ ਸਾਲ ਦੀ ਉਮਰ ਤੱਕ, ਜੋ ਵੀ ਪਹਿਲਾਂ ਹੋਵੇ, ਅਹੁਦਾ ਧਾਰਨ ਕਰੇਗਾ।

(2) ਗੈਰ-ਸਰਕਾਰੀ ਮੈਂਬਰ, ਕਿਸੇ ਵੀ ਸਮੇਂ ਸਰਕਾਰ ਨੂੰ ਲਿਖਤੀ ਅਤੇ ਸੰਬੋਧਿਤ ਕਰਕੇ, ਗੈਰ-ਸਰਕਾਰੀ ਮੈਂਬਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਸਕਦਾ ਹੈ ਅਤੇ ਸਰਕਾਰ ਦੁਆਰਾ ਅਸਤੀਫ਼ਾ ਸਵੀਕਾਰ ਕੀਤੇ ਜਾਣ 'ਤੇ ਮੈਂਬਰ ਨਹੀਂ ਰਹੇਗਾ:

ਪਰੰਤੂ ਸਰਕਾਰ ਅਜਿਹੇ ਮੈਂਬਰ ਨੂੰ ਕੋਈ ਨੋਟਿਸ ਦਿੱਤੇ ਬਿਨਾਂ ਅਤੇ ਕੋਈ ਕਾਰਨ ਦੱਸੇ ਬਿਨਾਂ ਅਜਿਹੀ ਮਿਆਦ ਦੇ ਗੁਜ਼ਰਨ ਤੋਂ ਪਹਿਲਾਂ ਕਿਸੇ ਗੈਰ-ਸਰਕਾਰੀ ਮੈਂਬਰ ਦੇ ਅਹੁਦੇ ਦੀ ਮਿਆਦ ਘਟਾ ਸਕਦੀ ਹੈ ਅਤੇ ਅਜਿਹੀ ਮਿਆਦ ਦੇ ਬਾਕੀ ਸਮੇਂ ਲਈ ਉਸ ਦੀ ਥਾਂ 'ਤੇ ਕਿਸੇ ਹੋਰ ਵਿਅਕਤੀ ਨੂੰ ਨਿਯੁਕਤ ਕਰ ਸਕਦੀ ਹੈ।

5. (1) ਬੋਰਡ ਦੀ ਇਕੱਤਰਤਾ ਉਸ ਸਮੇਂ ਅਤੇ ਉਸ ਸਥਾਨ ’ਤੇ ਹੋਵੇਗੀ ਜਿਵੇਂ ਚੇਅਰਪਰਸਨ ਫ਼ੈਸਲਾ ਕਰੇ, ਪ੍ਰੰਤੂ ਹਰ ਛੇ ਮਹੀਨਿਆਂ ਵਿੱਚ ਘੱਟੋ-ਘੱਟ ਇੱਕ ਇਕੱਤਰਤਾ ਹੋਵੇਗੀ। ਬੋਰਡ ਦੀ ਇਕੱਤਰਤਾ।

(2) ਚੇਅਰਪਰਸਨ, ਆਪਣੀ ਗੈਰ-ਹਾਜ਼ਰੀ ਵਿੱਚ ਸੀਨੀਅਰ ਵਾਈਸ-ਚੇਅਰਪਰਸਨ ਨੂੰ ਬੋਰਡ ਦੀ ਇਕੱਤਰਤਾ ਦੀ ਪ੍ਰਧਾਨਗੀ ਕਰਨ ਲਈ ਅਧਿਕਾਰਤ ਕਰ ਸਕਦਾ ਹੈ।

(3) ਇਕੱਤਰਤਾ ਵਿੱਚ ਕਾਜਕਾਰ ਦਾ ਸੰਚਾਲਣ ਕਰਨ ਸਬੰਧੀ ਜ਼ਾਬਤਾ, ਜਿਸ ਵਿੱਚ ਕੋਰਮ ਸ਼ਾਮਲ ਹੈ, ਅਜਿਹਾ ਹੋਵੇਗਾ ਜੋ ਮੁਕੱਰਰ ਕੀਤਾ ਜਾਵੇ।

6. ਬੋਰਡ ਦਾ ਕੋਈ ਕਾਰਜ ਜਾਂ ਕਾਰਵਾਈ ਸਿਰਫ਼ ਬੋਰਡ ਵਿੱਚ ਕਿਸੇ ਖ਼ਾਲੀ ਥਾਂ ਜਾਂ ਉਸ ਦੇ ਗਠਨ ਵਿੱਚ ਕਿਸੇ ਨੁਕਸ, ਜਾਂ ਚੇਅਰਪਰਸਨ ਜਾਂ ਸੀਨੀਅਰ ਵਾਈਸ-ਚੇਅਰਪਰਸਨ ਜਾਂ ਵਾਈਸ-ਚੇਅਰਪਰਸਨ ਜਾਂ ਮੈਂਬਰ ਵਜੋਂ ਕਾਰਜ ਕਰਨ ਵਾਲੇ ਕਿਸੇ ਵਿਅਕਤੀ ਦੀ ਨਿਯੁਕਤੀ ਵਿੱਚ ਕਿਸੇ ਨੁਕਸ ਜਾਂ ਬੋਰਡ ਦੇ ਜ਼ਾਬਤੇ ਵਿੱਚ ਕਿਸੇ ਬੇਕਾਇਦਗੀ, ਜਿਸ ਵਿੱਚ ਇਕੱਤਰਤਾ ਕਰਵਾਉਣ ਲਈ ਨੋਟਿਸ ਜਾਰੀ ਕਰਨਾ ਵੀ ਸ਼ਾਮਲ ਹੈ, ਜਿਸ ਨਾਲ ਮਾਮਲੇ ਦੇ ਗੁਣ-ਦੋਸ਼ ਤੇ ਪ੍ਰਭਾਵ ਨਾ ਪੈਂਦਾ ਹੋਵੇ, ਦੇ ਕਾਰਨ ਉਜ਼ਰ ਨਹੀਂ ਹੋਵੇਗੀ ਜਾਂ ਨਜਾਇਜ਼ ਨਹੀਂ ਹੋਵੇਗੀ। ਬੋਰਡ ਦੇ ਕਾਰਜਾਂ ਅਤੇ ਕਾਰਵਾਈਆਂ ਦਾ ਖਾਲੀ ਥਾਵਾਂ ਆਦਿ ਕਾਰਨ ਨਜਾਇਜ਼ ਨ ਹੋਣਾ।

7. ਬੋਰਡ ਦੇ ਗੈਰ-ਸਰਕਾਰੀ ਮੈਂਬਰ ਬੋਰਡ ਦੀਆਂ ਇਕੱਤਰਤਾਵਾਂ ਵਿੱਚ ਸ਼ਾਮਲ ਹੋਣ ਲਈ ਬੈਠਕ ਫ਼ੀਸ, ਮਾਣਭੱਤਾ ਅਤੇ ਹੋਰ ਭੱਤੇ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ, ਜਿਵੇਂ ਮੁਕੱਰਰ ਕੀਤਾ ਜਾਵੇ। ਬੋਰਡ ਦੇ ਗੈਰ-ਸਰਕਾਰੀ ਮੈਂਬਰਾਂ ਨੂੰ ਭੱਤਿਆਂ ਅਤੇ ਬੈਠਕ ਫ਼ੀਸ ਦੀ ਅਦਾਇਗੀ।

8. (1) ਬੋਰਡ ਅਜਿਹੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਿਯੁਕਤ ਕਰ ਸਕਦਾ ਹੈ ਜਿਨ੍ਹਾਂ ਨੂੰ ਇਸ ਐਕਟ ਅਧੀਨ ਆਪਣੇ ਕਾਰਜਕਾਰਾਂ ਨੂੰ ਅਜਿਹੇ ਤਰੀਕੇ ਨਾਲ ਜਿਵੇਂ ਮੁਕੱਰਰ ਕੀਤਾ ਜਾਵੇ, ਸਿਰੇ ਚਾੜ੍ਹਨ ਲਈ ਯੋਗ ਬਣਾਉਣ ਲਈ ਲੋੜੀਂਦੇ ਹੋਣ। ਸਟਾਫ ਦੀ ਨਿਯੁਕਤੀ ਅਤੇ ਮਾਹਿਰਾਂ ਦੀ ਸਮੂਲੀਅਤ।

(2) ਬੋਰਡ, ਸਮੇਂ-ਸਮੇਂ ਤੇ ਜੇਲ੍ਹ ਅਤੇ ਸੁਧਾਰਾਤਮਕ ਪ੍ਰਸ਼ਾਸਨ, ਦਵਾਈ, ਆਰਕੀਟੈਕਚਰ, ਇੰਜੀਨੀਅਰਿੰਗ, ਸਮਾਜਿਕ ਕਾਰਜ, ਸਮਾਜ ਸ਼ਾਸਤਰ, ਮਨੋਵਿਗਿਆਨ ਤੇ ਮਨੋਰੋਗ, ਉਦਯੋਗਿਕ ਪ੍ਰਬੰਧਨ ਅਤੇ ਇਸ ਤਰ੍ਹਾਂ ਦੇ ਖੇਤਰਾਂ ਵਿੱਚ ਯੋਗ ਵਿਅਕਤੀਆਂ ਜਾਂ ਮਾਹਿਰਾਂ ਨੂੰ ਬੋਰਡ ਦੇ ਸਲਾਹਕਾਰ ਵਜੋਂ ਨਿਯੁਕਤ ਕਰ ਸਕਦਾ ਹੈ ਜਿਵੇਂ ਇਹ ਆਪਣੇ ਕਾਰਜਕਾਰਾਂ ਨੂੰ ਕਾਰਜ-ਕੁਸ਼ਲਤਾ ਨਾਲ ਨਿਭਾਉਣ ਲਈ ਉਨ੍ਹਾਂ ਨਿਬੰਧਨਾਂ ਅਤੇ ਸ਼ਰਤਾਂ ’ਤੇ ਜਿਵੇਂ ਮੁਕੱਰਰ ਕੀਤਾ ਜਾਵੇ, ਜ਼ਰੂਰੀ ਸਮਝਦਾ ਹੈ।

9. (1) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਬੋਰਡ ਦੇ ਉਦੇਸ਼ ਅਤੇ ਕਾਰਜਕਾਰ ਹੇਠ-ਲਿਖੇ ਅਨੁਸਾਰ ਹਨ, ਅਰਥਾਤ:- ਬੋਰਡ ਦੇ ਉਦੇਸ਼ ਅਤੇ ਕਾਰਜਕਾਰ

(ੳ) ਮਾਲੀਆ ਪੈਦਾ ਕਰਨ ਦੇ ਨਵੇਂ ਸਾਧਨਾਂ ਦੀ ਪਛਾਣ ਕਰਕੇ ਅਤੇ ਉਨਾਂ ਨੂੰ ਯਕੀਨੀ ਬਣਾ ਕੇ ਸਰਕਾਰੀ ਖਜ਼ਾਨੇ ਦੀ ਵਿੱਤੀ ਦੇਣਦਾਰੀ ਨੂੰ ਘਟਾਉਣਾ;

(ਅ) ਕੈਦੀਆਂ ਦੀ ਬਿਹਤਰੀ ਲਈ ਪ੍ਰੋਗਰਾਮ ਅਤੇ ਯੋਜਨਾਵਾਂ ਸ਼ੁਰੂ ਕਰਨਾ, ਜਿਸ ਵਿੱਚ ਸਿੱਖਿਆ, ਕਿੱਤਾਮੁਖੀ ਜਾਂ ਹੁਨਰ ਸਿਖਲਾਈ, ਨਿਰਮਾਣ ਗਤੀਵਿਧੀਆਂ, ਖੇਤੀਬਾੜੀ, ਪੋਲਟਰੀ, ਡੇਅਰੀ ਜਾਂ ਮੱਛੀ ਪਾਲਣ, ਬਾਗਬਾਨੀ ਅਤੇ ਅਜਿਹੀਆਂ ਹੋਰ ਕਿੱਤਾਮੁਖੀ, ਵਪਾਰਕ, ਉਦਯੋਗਿਕ, ਖੇਡਾਂ ਅਤੇ ਭਲਾਈ ਸਰਗਰਮੀਆਂ ਸ਼ਾਮਲ ਹਨ ਪ੍ਰੰਤੂ ਇਨ੍ਹਾਂ ਤੱਕ ਸੀਮਤ ਨਹੀਂ ਹਨ ਜੋ ਜੇਲ੍ਹਾਂ ਨੂੰ ਸੁਧਾਰ ਕੇਂਦਰਾਂ ਵਜੋਂ ਵਿਕਸਤ ਕਰਨ ਵਿੱਚ ਸਹਾਇਤਾ ਕਰਦੀਆਂ ਹਨ;

(ੲ) ਸਾਰੀਆਂ ਜੇਲ੍ਹਾਂ ਵਿੱਚ ਕੈਦੀਆਂ ਦੀਆਂ ਰਹਿਣ-ਸਹਿਣ ਦੀਆਂ ਸਥਿਤੀਆਂ ਨੂੰ ਉਨ੍ਹਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਖਾਸ ਸੰਦਰਭ ਵਿੱਚ ਵਧਾਉਣਾ ਅਤੇ ਮਨੁੱਖੀ ਜੀਵਨ ਦੇ ਸਨਮਾਨ ਦੇ ਅਨੁਕੂਲ ਸਹੂਲਤਾਂ ਦਾ ਉਪਬੰਧ ਕਰਨਾ;

(ਸ) ਕੈਦੀਆਂ ਨੂੰ ਮੁਨਾਸਬ ਸੁਧਾਰਾਤਮਕ ਵਿਵਹਾਰ ਦੇ ਕੇ ਸੁਧਾਰਨਾ ਅਤੇ ਸਮਾਜਿਕ ਮਾਹੌਲ ਵਿੱਚ ਮੁੜ ਰਚਾਉਣਾ;

(ਹ) ਕੈਦੀਆਂ ਲਈ ਇੱਕ ਯੋਗ ਵਾਤਾਵਰਣ ਦਾ ਉਪਬੰਧ ਕਰਨਾ ਅਤੇ ਉਨ੍ਹਾਂ ਦੀ ਇਸ ਤਰੀਕੇ ਨਾਲ ਮੱਦਦ ਕਰਨਾ ਕਿ ਉਹ ਆਪਣੀ ਰਿਹਾਈ ਤੋਂ ਬਾਅਦ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਾਗਰਿਕਾਂ ਵਜੋਂ ਇੱਕ ਸੰਭਾਲਣਯੋਗ ਅਤੇ ਰਚਨਾਤਮਕ ਜੀਵਨ ਜੀਅ ਸਕਣ;

(ਕ) ਜੇਲ੍ਹਾਂ ਦੇ ਕੁਸ਼ਲ ਪ੍ਰਬੰਧਨ ਲਈ ਸਰੋਤਾਂ ਨੂੰ ਅੱਪਗ੍ਰੇਡ ਕਰਨਾ, ਅਤੇ ਜਿੱਥੇ ਵੀ ਲੋੜ ਹੋਵੇ, ਸੰਪੱਤੀਆਂ ਦੇ ਅਰਜਣ ਦੇ ਜ਼ਰੀਏ, ਭਾਵੇਂ ਉਹ ਚੱਲ ਜਾਂ ਅਚੱਲ ਹੋਣ, ਜਿਸ ਵਿੱਚ ਕੰਪਿਊਟਰ, ਸੰਚਾਰ ਸਹੂਲਤਾਂ, ਯੰਤਰ, ਵਾਹਨ, ਸੁਰੱਖਿਆ ਜਾਂ ਨਿਗਰਾਨੀ ਉਪਕਰਣ, ਵੀਡੀਓ ਕਾਨਫਰੰਸਿੰਗ ਆਧਾਰਤ ਮੁਕੱਦਮੇ ਵਿਚਾਰਣ ਦੀਆਂ ਸਹੂਲਤਾਂ ਆਦਿ ਸ਼ਾਮਲ ਹਨ;

(ਖ) ਜੇਲ੍ਹਾਂ ਵਿਭਾਗ ਅਤੇ ਬੋਰਡ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਭਲਾਈ ਨੂੰ ਯਕੀਨੀ ਬਣਾਉਣਾ।

(2) ਸੌਂਪੇ ਗਏ ਕਰਤੱਵਾਂ ਨੂੰ ਕੁਸ਼ਲਤਾ ਨਾਲ ਨਿਭਾਉਣ ਲਈ, ਬੋਰਡ ਅਜਿਹੀਆਂ

ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਕਰੇਗਾ ਜੋ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਪ੍ਰਦਾਨ ਕੀਤੇ, ਜਾਂ ਅਰੋਪੇ ਗਏ ਹਨ।

10. (1) ਬੋਰਡ ਕੋਲ 'ਜੇਲ੍ਹਾਂ ਵਿਕਾਸ ਫੰਡ' ਦੇ ਨਾਮ ਅਤੇ ਸ਼ੈਲੀ ਵਿੱਚ ਆਪਣਾ ਫ਼ੰਡ ਹੋਵੇਗਾ ਅਤੇ ਇਸ ਨੂੰ ਬਣਾਈ ਰੱਖਿਆ ਜਾਵੇਗਾ ਜਿਸ ਵਿੱਚ ਇਹ ਜਮ੍ਹਾਂ ਹੋਣਗੇ: ਫ਼ੰਡ।

(ੳ) ਬੋਰਡ ਨੂੰ ਕੇਂਦਰ ਅਤੇ ਰਾਜ ਸਰਕਾਰ ਤੋਂ ਗ੍ਰਾਂਟਾਂ, ਕਰਜ਼ਿਆਂ, ਪੇਸ਼ਗੀਆਂ ਜਾਂ ਹੋਰ ਕਿਸੇ ਤਰ੍ਹਾਂ ਪ੍ਰਾਪਤ ਹੋਏ ਸਾਰੇ ਧਨ;

(ਅ) ਬੋਰਡ ਦੁਆਰਾ ਕਰਜ਼ਿਆਂ ਜਾਂ ਡਿਬੈਂਚਰ ਦੇ ਰੂਪ ਵਿੱਚ ਉਧਾਰੇ ਲਏ ਗਏ ਸਾਰੇ ਧਨ;

(ੲ) ਜੇਲ੍ਹਾਂ ਵਿੱਚ ਕੈਦੀਆਂ ਦੁਆਰਾ ਕੀਤੀ ਜਾਂਦੀ ਖੇਤੀਬਾੜੀ, ਬਾਗਬਾਨੀ, ਉਦਯੋਗਿਕ, ਨਿਰਮਾਣ ਜਾਂ ਹੋਰ ਸਰਗਰਮੀਆਂ ਦੁਆਰਾ ਪੈਦਾ ਹੋਏ ਸਾਰੇ ਧਨ;

(ਸ) ਬੋਰਡ ਦੁਆਰਾ ਕੀਤੀਆਂ ਗਈਆਂ ਕਿਸੇ ਵੀ ਲੀਜ਼ਿੰਗ ਜਾਂ ਵਪਾਰਕ ਸਰਗਰਮੀਆਂ ਤੋਂ ਪ੍ਰਾਪਤ ਹੋਈਆਂ ਸਾਰੀਆਂ ਫ਼ੀਸਾਂ, ਚਾਰਜ, ਧਨ ਅਤੇ ਮੁਨਾਫ਼ੇ;

(ਹ) ਭੋਂ, ਇਮਾਰਤਾਂ ਅਤੇ ਹੋਰ ਸੰਪੱਤੀਆਂ (ਚੱਲ ਅਤੇ ਅਚੱਲ) ਦੇ ਨਿਪਟਾਰੇ ਤੋਂ ਬਾਅਦ ਬੋਰਡ ਨੂੰ ਪ੍ਰਾਪਤ ਹੋਏ ਸਾਰੇ ਧਨ;

(ਕ) ਬੋਰਡ ਦੁਆਰਾ ਕਿਰਾਏ ਜਾਂ ਫ਼ਾਇਦੇ ਵਜੋਂ ਜਾਂ ਕਿਸੇ ਹੋਰ ਤਰੀਕੇ ਨਾਲ ਜਾਂ ਕਿਸੇ ਹੋਰ ਸਾਧਨ ਤੋਂ ਪ੍ਰਾਪਤ ਹੋਏ ਸਾਰੇ ਧਨ;

(ਖ) ਜੇਲ੍ਹਾ ਵਿੱਚ ਅੰਦਰੂਨੀ ਅਤੇ ਬਾਹਰੀ ਕੰਟੀਨਾਂ ਜਾਂ ਖਾਧ ਪਦਾਰਥ ਸਟੋਰਾਂ ਨੂੰ ਚਲਾ ਕੇ ਫ਼ਾਇਦੇ ਵਜੋਂ ਬੋਰਡ ਨੂੰ ਪ੍ਰਾਪਤ ਹੋਏ ਸਾਰੇ ਧਨ; ਅਤੇ

(ਗ) ਬੋਰਡ ਨੂੰ ਪ੍ਰਵਾਨਤ ਗੈਰ-ਸਰਕਾਰੀ ਸੰਗਠਨਾਂ, ਰਜਿਸਟਰਸ਼ੁਦਾ ਦਾਨ-ਆਧਾਰੀ ਸੰਸਥਾਵਾਂ ਜਾਂ ਬਾਡੀ ਅਤੇ ਵਿਅਕਤੀਆਂ ਤੋਂ ਦਾਨ ਦੇ ਰੂਪ ਵਿੱਚ ਪ੍ਰਾਪਤ ਹੋਏ ਸਾਰੇ ਧਨ।

(2) ਫ਼ੰਡ ਨੂੰ ਇਸ ਐਕਟ ਦੇ ਪ੍ਰਸ਼ਾਸਨ ਵਿੱਚ ਬੋਰਡ ਦੁਆਰਾ ਕੀਤੇ ਗਏ ਖਰਚਿਆਂ ਨੂੰ ਪੂਰਾ ਕਰਨ ਲਈ ਅਤੇ ਅਜਿਹੇ ਹੋਰ ਪ੍ਰਯੋਜਨਾਂ ਲਈ ਵਰਤਿਆ ਜਾਵੇਗਾ, ਜਿਵੇਂ ਮੁਕੱਰਰ ਕੀਤਾ ਜਾਵੇ ਜਾਂ ਬੋਰਡ ਦੀਆਂ ਇਕੱਤਰਤਾਵਾਂ ਵਿੱਚ ਫ਼ੈਸਲਾ ਕੀਤਾ ਜਾਂਦਾ ਹੈ।

(3) ਬੋਰਡ ਆਪਣੇ ਫ਼ੰਡਾਂ ਵਿੱਚੋਂ ਅਜਿਹੀ ਰਕਮ ਕਿਸੇ ਵੀ ਰਾਸ਼ਟਰੀਕ੍ਰਿਤ

ਬੈਂਕ ਵਿੱਚ ਜਮ੍ਹਾਂ ਰੱਖੇਗਾ, ਅਤੇ ਉਕਤ ਰਕਮ ਤੋਂ ਵੱਧ ਕੋਈ ਵੀ ਧਨ ਅਜਿਹੇ ਤਰੀਕੇ ਨਾਲ ਨਿਵੇਸ਼ ਕੀਤਾ ਜਾਵੇਗਾ ਜਿਵੇਂ ਮੁਕੱਰਰ ਕੀਤਾ ਜਾਵੇ।

ਬੋਰਡ ਦੀ ਉਧਾਰ ਲੈਣ ਦੀ ਸ਼ਕਤੀ।

11. ਬੋਰਡ, ਸਮੇਂ-ਸਮੇਂ ਤੇ, ਅਜਿਹੀਆਂ ਸ਼ਰਤਾਂ ਦੇ ਤਾਬੇ ਜਿਵੇਂ ਮੁਕੱਰਰ ਕੀਤਾ ਜਾਵੇ ਇਸ ਐਕਟ ਦੇ ਪ੍ਰਯੋਜਨ ਲਈ ਲੋੜੀਂਦੀ ਕੋਈ ਵੀ ਰਕਮ ਉਧਾਰ ਲੈ ਸਕਦਾ ਹੈ।

ਸਰਕਾਰ ਦੀ ਗ੍ਰਾਂਟਾਂ, ਕਰਜ਼ੇ ਆਦਿ ਦੇਣ ਦੀ ਸ਼ਕਤੀ।

12. ਸਰਕਾਰ ਬੋਰਡ ਨੂੰ ਅਜਿਹੀਆਂ ਗ੍ਰਾਂਟਾਂ, ਪੇਸ਼ਗੀਆਂ ਅਤੇ ਕਰਜ਼ੇ ਦੇ ਸਕਦੀ ਹੈ ਜੋ ਸਰਕਾਰ ਇਸ ਐਕਟ ਅਧੀਨ ਬੋਰਡ ਦੇ ਕਾਜਕਾਰਾਂ ਨੂੰ ਨਿਭਾਉਣ ਲਈ ਜ਼ਰੂਰੀ ਸਮਝੇ ਅਤੇ ਬੋਰਡ ਨੂੰ ਦਿੱਤੀਆਂ ਗਈਆਂ ਸਾਰੀਆਂ ਗ੍ਰਾਂਟਾਂ, ਕਰ ਜਾਂ ਪੇਸ਼ਗੀਆਂ ਅਜਿਹੇ ਨਿਬੰਧਨ ਅਤੇ ਸ਼ਰਤਾਂ 'ਤੇ ਹੋਣਗੀਆਂ ਜਿਵੇਂ ਸਰਕਾਰ ਨਿਰਧਾਰਤ ਕਰੇ।

ਸਲਾਨਾ ਰਿਪੋਰਟ।

13. ਬੋਰਡ ਹਰ ਸਾਲ, ਅਜਿਹੇ ਤਰੀਕੇ ਨਾਲ ਅਤੇ ਅਜਿਹੇ ਰੂਪ ਵਿੱਚ ਜੋ ਮੁਕੱਰਰ ਕੀਤਾ ਜਾਵੇ, ਆਪਣੀ ਸਲਾਨਾ ਰਿਪੋਰਟ ਤਿਆਰ ਕਰੇਗਾ, ਜਿਸ ਵਿੱਚ ਪਿਛਲੇ ਸਾਲ ਦੌਰਾਨ ਆਪਣੀਆਂ ਸਰਗਰਮੀਆਂ ਦਾ ਸਹੀ ਅਤੇ ਨਿਰਪੱਖ ਲੇਖਾ-ਜੋਖਾ ਹੋਵੇਗਾ ਅਤੇ ਉਕਤ ਰਿਪੋਰਟ ਸਰਕਾਰ ਨੂੰ ਪੇਸ਼ ਕਰੇਗਾ।

ਵਿਵਰਣ ਆਦਿ।

14. ਬੋਰਡ ਸਰਕਾਰ ਨੂੰ ਆਪਣੀਆਂ ਸਰਗਰਮੀਆਂ ਦੇ ਸਬੰਧ ਵਿੱਚ ਅਜਿਹੇ ਵਿਵਰਣ ਜਾਂ ਹੋਰ ਜਾਣਕਾਰੀ ਦੇਵੇਗਾ ਜੋ ਸਰਕਾਰ ਸਮੇਂ-ਸਮੇਂ ਤੇ ਲੋੜੇ।

ਲੇਖੇ ਅਤੇ ਆਡਿਟ।

15. (1) ਬੋਰਡ ਉਚਿਤ ਲੇਖੇ ਅਤੇ ਹੋਰ ਸੁਸੰਗਤ ਰਿਕਾਰਡ ਰੱਖੇਗਾ ਅਤੇ ਲੇਖਿਆਂ ਦੀ ਸਲਾਨਾ ਸਟੇਟਮੈਂਟ ਅਜਿਹੇ ਰੂਪ ਵਿੱਚ ਤਿਆਰ ਕਰੇਗਾ, ਜੋ ਮੁਕੱਰਰ ਕੀਤਾ ਜਾਵੇ।

(2) ਬੋਰਡ ਦੇ ਲੇਖਿਆਂ ਦਾ ਹਰੇਕ ਵਿੱਤੀ ਸਾਲ ਦੇ ਅੰਤ ਤੋਂ ਬਾਅਦ ਤਿੰਨ ਮਹੀਨਿਆਂ ਦੇ ਅੰਦਰ, ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੁਆਰਾ ਸਲਾਨਾ ਆਡਿਟ ਕੀਤਾ ਜਾਵੇਗਾ ਅਤੇ ਅਜਿਹੇ ਆਡਿਟ ਦੇ ਸਬੰਧ ਵਿੱਚ ਕੀਤੇ ਗਏ ਕਿਸੇ ਵੀ ਖਰਚੇ ਦੀ ਅਦਾਇਗੀ ਬੋਰਡ ਦੁਆਰਾ ਕੀਤੀ ਜਾਵੇਗੀ।

(3) ਮੈਂਬਰ-ਸਕੱਤਰ ਦੁਆਰਾ ਪ੍ਰਮਾਣਤ ਲੇਖੇ, ਉਨ੍ਹਾਂ 'ਤੇ ਆਡਿਟ ਰਿਪੋਰਟ ਦੇ ਨਾਲ, ਹਰ ਸਾਲ ਸਰਕਾਰ ਨੂੰ ਭੇਜੇ ਜਾਣਗੇ।

ਸਲਾਨਾ ਰਿਪੋਰਟ ਅਤੇ ਆਡਿਟ ਰਿਪੋਰਟ ਦਾ ਰਾਜ ਵਿਧਾਨ ਮੰਡਲ ਅੱਗੇ ਰੱਖਿਆ ਜਾਣਾ।

16. ਸਰਕਾਰ ਸਲਾਨਾ ਰਿਪੋਰਟ ਦੇ ਨਾਲ ਇਸ ਵਿੱਚ ਦਰਜ ਸਿਫ਼ਾਰਸ਼ਾਂ ਤੇ ਕੀਤੀ ਕਾਰਵਾਈ ਦਾ ਇੱਕ ਯਾਦਪੱਤਰ ਜਿੱਥੋਂ ਤੱਕ ਉਹ ਸਰਕਾਰ ਨਾਲ ਸਬੰਧਤ ਹਨ ਅਤੇ ਅਜਿਹੀਆਂ ਸਿਫ਼ਾਰਸ਼ਾਂ ਵਿੱਚੋਂ ਕਿਸੇ ਨੂੰ ਵੀ ਸਵੀਕਾਰ ਨਾ ਕਰਨ ਦੇ ਕਾਰਨ, ਜੇ ਕੋਈ ਹੋਣ, ਅਤੇ ਆਡਿਟ ਰਿਪੋਰਟ, ਰਿਪੋਰਟਾਂ ਪ੍ਰਾਪਤ ਹੋਣ ਤੋਂ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਅੱਗੇ ਰੱਖੇਗੀ।

ਜੇਲ੍ਹ ਦੀ ਭੋਂ ਅਤੇ ਇਮਾਰਤਾਂ ਦਾ ਬੋਰਡ ਵਿੱਚ ਨਿਹਿਤ ਹੋਣਾ।

17. ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ, ਬੋਰਡ ਦੀਆਂ ਵਪਾਰਕ, ਭਲਾਈ ਅਤੇ ਸਬੰਧਤ ਸਰਗਰਮੀਆਂ ਨੂੰ ਸਿਰੇ ਚਾੜ੍ਹਨ ਦੇ ਸੀਮਤ ਪ੍ਰਯੋਜਨ ਲਈ, ਜੇਲ੍ਹਾਂ ਵਿਭਾਗ ਦੇ

ਚਾਰਜ, ਜਾਂ ਕਬਜ਼ੇ, ਜਾਂ ਵਰਤੋਂ ਵਿੱਚ ਸਾਰੀ ਭੋਂ ਅਤੇ ਇਸ ਨਾਲ ਜੁੜੀਆਂ ਇਮਾਰਤਾਂ ਬੋਰਡ ਵਿੱਚ ਨਿਹਿਤ, ਅਤੇ ਇਸ ਦੇ ਕੰਟਰੋਲ ਦੇ ਤਾਬੇ ਹੋਣਗੀਆਂ।

ਭੋਂ ਦਾ ਅਰਜਤ ਕਰਨਾ।

18. (1) ਜੇਕਰ, ਬੋਰਡ ਦੀ ਰਾਏ ਵਿੱਚ, ਕਿਸੇ ਵੀ ਸਰਗਰਮੀ ਲਈ ਕੋਈ ਭੋਂ ਅਰਜਤ ਕਰਨੀ ਲੋੜੀਂਦੀ ਹੈ, ਤਾਂ ਬੋਰਡ ਸਰਕਾਰ ਨੂੰ ਭੋਂ ਅਰਜਨ, ਮੁੜ ਵਸੇਬਾ ਅਤੇ ਮੁੜਵਾਸ ਵਿੱਚ ਉਚਿਤ ਮੁਆਵਜ਼ਾ ਅਤੇ ਪਾਰਦਰਸ਼ਤਾ ਅਧਿਕਾਰ ਐਕਟ, 2013 ਦੇ ਉਪਬੰਧਾਂ ਅਧੀਨ ਅਜਿਹੀ ਭੋਂ ਅਰਜਤ ਕਰਨ ਲਈ ਬੇਨਤੀ ਕਰ ਸਕਦਾ ਹੈ।

(2) ਜਿੱਥੇ, ਬੋਰਡ ਦੀ ਰਾਏ ਵਿੱਚ, ਪੰਜਾਬ ਸਰਕਾਰ, ਜਾਂ ਸੰਗਠਨ ਜਾਂ ਕਿਸੇ ਨਿੱਜੀ ਵਿਅਕਤੀ ਦੀ ਢੁੱਕਵੀਂ ਭੋਂ ਉਪਲੱਬਧ ਹੈ, ਇਹ ਉਕਤ ਭੋਂ ਡਿਪਟੀ ਕਮਿਸ਼ਨਰ ਵੱਲੋਂ ਨਿਰਧਾਰਤ ਕੀਤੇ ਬਾਜ਼ਾਰੀ ਮੁੱਲ ਦੀ ਅਦਾਇਗੀ ਰਾਹੀਂ ਅਰਜਤ ਕਰ ਸਕਦਾ ਹੈ।

(3) ਬੋਰਡ, ਉਪ-ਧਾਰਾ (2) ਅਧੀਨ ਡਿਪਟੀ ਕਮਿਸ਼ਨਰ ਦੀਆਂ ਸਿਫ਼ਾਰਸ਼ਾਂ ਨਾਲ ਅਸਹਿਮਤੀ ਦੀ ਸੂਰਤ ਵਿੱਚ, ਇਸ ਨੂੰ ਆਪਣੇ ਵਿਚਾਰਾਂ ਸਮੇਤ, ਸਰਕਾਰ ਨੂੰ ਭੇਜ ਸਕਦਾ ਹੈ, ਜਿਸ ਦਾ ਫ਼ੈਸਲਾ ਅੰਤਿਮ ਹੋਵੇਗਾ।

ਨਿਯਮ ਬਣਾਉਣ ਦੀ ਸ਼ਕਤੀ।

19. ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਸਾਰੇ, ਜਾਂ ਕਿਸੇ ਵੀ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕਦੀ ਹੈ।

ਬੋਰਡ ਦੇ ਮੈਂਬਰ, ਅਧਿਕਾਰੀ ਅਤੇ ਕਰਮਚਾਰੀਆਂ ਦਾ ਲੋਕ ਸੇਵਕ ਹੋਣਾ।

20. ਬੋਰਡ ਦੇ ਸਾਰੇ ਮੈਂਬਰ, ਅਧਿਕਾਰੀ ਅਤੇ ਕਰਮਚਾਰੀ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਕਿਸੇ ਨਿਯਮ ਜਾਂ ਵਿਨਿਯਮ ਦੇ ਅਨੁਸਰਣ ਵਿੱਚ ਕਾਰਜ ਕਰਦੇ ਹਨ ਜਾਂ ਤਾਤਪਰਜਤ ਹਨ, ਤਾਂ ਉਹ ਭਾਰਤੀ ਦੰਡ ਸੰਘਤਾ, 1860 ਦੀ ਧਾਰਾ 21 ਅਤੇ ਭ੍ਰਿਸ਼ਟਾਚਾਰ ਰੋਕਥਾਮ ਐਕਟ, 1988 ਦੀ ਧਾਰਾ 2 ਦੇ ਖੰਡ (ੲ) ਦੇ ਅਰਥਾਂ ਅੰਦਰ ਲੋਕ ਸੇਵਕ ਸਮਝੇ ਜਾਣਗੇ।

ਪਰਮ ਪ੍ਰਭਾਵੀ ਹੋਣਾ।

21. ਇਸ ਐਕਟ ਅਧੀਨ ਇਸ ਤਰ੍ਹਾਂ ਗਠਿਤ ਬੋਰਡ ਦਾ ਜੇਲ੍ਹ ਉਦਯੋਗਾਂ ਦੇ ਕੰਮਕਾਜ, ਕੈਦੀਆਂ ਅਤੇ ਜੇਲ੍ਹ ਸਟਾਫ਼ ਲਈ ਭਲਾਈ ਪ੍ਰੋਗਰਾਮਾਂ, ਅਤੇ ਹੋਰ ਸਬੰਧਤ ਸਰਗਰਮੀਆਂ ਨਾਲ ਸਬੰਧਤ ਪਹਿਲਾਂ ਜਾਰੀ ਕੀਤੇ ਗਏ ਕਿਸੇ ਹੋਰ ਨਿਯਮਾਂ ਜਾਂ ਹੁਕਮਾਂ ਜਾਂ ਹਦਾਇਤਾਂ ਤੇ ਪਰਮ ਪ੍ਰਭਾਵ ਹੋਵੇਗਾ।

ਰੱਦ ਕਰਨਾ ਅਤੇ ਬਚਾਉ।

22. (1) ਪੰਜਾਬ ਜੇਲ੍ਹ ਕੰਟੀਨ ਨਿਯਮ, 2016 ਅਤੇ ਇਸ ਨਮਿੱਤ ਜਾਰੀ ਕੀਤੇ ਗਏ ਹੋਰ ਸਾਰੇ ਸੁਸੰਗਤ ਹੁਕਮ, ਅਧਿਸੂਚਨਾਵਾਂ ਅਤੇ ਹਦਾਇਤਾਂ, ਇੱਥੇ ਰੱਦ ਕੀਤੀਆਂ ਜਾਂਦੀਆਂ ਹਨ।

(2) ਅਜਿਹੇ ਕਿਸੇ ਵੀ ਰੱਦ ਹੋਣ ਦੇ ਹੁੰਦਿਆਂ ਹੋਇਆਂ ਵੀ, ਇਸ ਤਰ੍ਹਾਂ ਰੱਦ ਕੀਤੇ ਗਏ ਨਿਯਮਾਂ, ਹੁਕਮਾਂ, ਅਧਿਸੂਚਨਾਵਾਂ ਅਤੇ ਹਦਾਇਤਾਂ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਕਾਰਵਾਈ, ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਹੀਂ

ਹੈ, ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਹੋਈ ਗਈ ਸਮਝਿਆ ਜਾਵੇਗਾ।

ਸੁਸਾਇਟੀ ਦਾ ਸਮਾਪਤੀ ਕਰਨ।

23. "ਜੇਲ੍ਹ ਵਿਭਾਗ ਦੇ ਕਰਮਚਾਰੀਆਂ ਅਤੇ ਕੈਦੀਆਂ ਦੇ ਵਿਕਾਸ ਲਈ ਸੁਸਾਇਟੀ" ਦੇ ਨਾਂ ਅਤੇ ਸ਼ੈਲੀ ਵਿੱਚ ਚੱਲ ਰਹੀ ਸੁਸਾਇਟੀ ਨੂੰ ਕਾਨੂੰਨ ਦੇ ਉਚਿਤ ਅਮਲ ਦੁਆਰਾ ਖਤਮ ਕਰ ਦਿੱਤਾ ਜਾਵੇਗਾ, ਅਤੇ ਉਕਤ ਸੋਸਾਇਟੀ ਦੁਆਰਾ ਕੀਤੀਆਂ ਗਈਆਂ ਸਰਗਰਮੀਆਂ ਬੋਰਡ ਵਿੱਚ ਸਮਾ ਜਾਣਗੀਆਂ।

**ਮਨਦੀਪ ਪੰਨੂ**
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3464/7-2025/Pb. Govt. Press, S.A.S. Nagar*

**ਭਾਗ -1**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 28 ਜੁਲਾਈ, 2025

**ਨੰ.24/ਭ:ਕ/2025.-** ਪੰਜਾਬ ਕਾਨੂੰਨ (ਅਣਅਧਿਕਾਰਤ ਕਲੋਨੀਆਂ ਦੇ ਨਿਯਮਤਕਰਨ ਲਈ ਵਿਸ਼ੇਸ਼ ਉਪਬੰਧ) ਐਕਟ, 2018 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾ ਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 28th July, 2025

**No. 24/L.C./2025.**- The Translation in Punjabi of the Punjab Laws (Special Provisions for Regularization of Unauthorized Colonies) Act, 2018 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਕਾਨੂੰਨ (ਅਣਅਧਿਕਾਰਤ ਕਲੋਨੀਆਂ ਦੇ ਨਿਯਮਤਕਰਨ ਲਈ ਵਿਸ਼ੇਸ਼ ਉਪਬੰਧ)

ਐਕਟ, 2018

(2018 ਦਾ ਪੰਜਾਬ ਐਕਟ ਨੰ. 10)

ਅਣਅਧਿਕਾਰਤ ਕਲੋਨੀਆਂ, ਅਣਅਧਿਕਾਰਤ ਕਲੋਨੀਆਂ ਵਿੱਚ ਪੈਂਦੇ ਪਲਾਟ ਅਤੇ ਇਮਾਰਤਾਂ ਜੋ ਕਿ ਪੰਜਾਬ ਰਾਜ ਵਿੱਚ ਬੁਨਿਆਦੀ ਢਾਂਚੇ ਅਤੇ ਜਨਤਕ ਸੁਰੱਖਿਅਤਾ ਦੇ ਵਿਵਾਦ ਪੈਦਾ ਕਰ ਰਹੀਆਂ ਹਨ ਦੇ ਵਿਕਾਸ ਲਈ ਬਿਹਤਰ ਯੋਜਨਾਬੰਦੀ ਅਤੇ ਨਿਯਮਤ ਕਰਨ ਲਈ ਵਿਸ਼ੇਸ਼ ਉਪਬੰਧ ਕਰਨ ਲਈ ਅਤੇ ਇਸ ਨਾਲ ਸੰਬੰਧਤ ਜਾਂ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ।

ਜਦੋਂ ਕਿ, ਯੋਜਨਾਬੰਦੀ ਖੇਤਰਾਂ ਵਿੱਚ ਭੋਂ ਦੇ ਵਿਕਾਸ ਅਤੇ ਵਰਤੋਂ ਲਈ ਬਿਹਤਰ ਯੋਜਨਾਬੰਦੀ ਅਤੇ ਨਿਯਮਤ ਕਰਨ, ਖੇਤਰੀ ਯੋਜਨਾਵਾਂ, ਮਾਸਟਰ ਪਲਾਨ ਤਿਆਰ ਕਰਨ ਅਤੇ ਉਨ੍ਹਾਂ ਦਾ ਪਰਿਪਾਲਣ ਕਰਨ ਦੇ ਮੰਤਵ ਨਾਲ ਅਤੇ ਸ਼ਹਿਰੀ ਵਿਕਾਸ ਅਤੇ ਰਿਹਾਇਸ਼ੀ ਪ੍ਰੋਗਰਾਮਾਂ ਅਤੇ ਸਕੀਮਾਂ ਨੂੰ ਪੂਰਾ ਕਰਨ ਲਈ ਪੰਜਾਬ ਰਾਜ ਦੁਆਰਾ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1955 (1955 ਦਾ ਪੰਜਾਬ ਐਕਟ ਨੰ.11) ਬਣਾਇਆ ਗਿਆ ਸੀ ਜੋ ਕਿ 1 ਜੁਲਾਈ, 1995 ਨੂੰ ਨਾਫ਼ਜ਼ ਅਤੇ ਪ੍ਰਭਾਵੀ ਹੋਇਆ ਸੀ;

ਜਦੋਂ ਕਿ ਮਲਕੀਅਤ ਆਧਾਰ 'ਤੇ ਰਿਹਾਇਸ਼ੀ ਮਕਾਨਾਂ ਦੀ ਉਸਾਰੀ, ਵਿਕਰੀ, ਤਬਾਦਲਾ ਅਤੇ ਪ੍ਰਬੰਧਨ ਦੀ ਤਰੱਕੀ ਨੂੰ ਨਿਯਮਤ ਕਰਨ ਦੇ ਮੰਤਵ ਨਾਲ ਅਤੇ ਕਲੋਨੀਆਂ ਨੂੰ ਨਿਯਮਤ ਕਰਨ ਅਤੇ ਇਸ ਨਾਲ ਸਬੰਧਤ ਮਾਮਲਿਆਂ ਲਈ, ਪੰਜਾਬ ਰਿਹਾਇਸ਼ੀ ਮਕਾਨ ਅਤੇ

ਸੰਪੱਤੀ ਵਿਨਿਯਮਨ ਐਕਟ, 1995 (1995 ਦਾ ਪੰਜਾਬ ਐਕਟ ਨੰ.14) ਬਣਾਇਆ ਗਿਆ ਸੀ ਜੋ 30 ਅਕਤੂਬਰ, 1995 ਨੂੰ ਨਾਫ਼ਜ਼ ਅਤੇ ਪ੍ਰਭਾਵੀ ਹੋਇਆ ਸੀ;

ਜਦੋਂ ਕਿ, ਪੇਂਡੂ ਖੇਤਰ ਤੋਂ ਸ਼ਹਿਰੀ ਖੇਤਰ ਵਿੱਚ ਆਬਾਦੀ ਦੇ ਵੱਡੇ ਪੱਧਰ ਤੇ ਪ੍ਰਵਾਸ ਕਰਨ ਕਾਰਨ, ਸ਼ਹਿਰੀ ਬਸਤੀ 'ਤੇ ਆਬਾਦੀ ਕਈ ਗੁਣਾ ਵਧੀ ਹੈ ਜਿਸਦੇ ਨਤੀਜੇ ਵਜੋਂ ਰਿਹਾਇਸ਼ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਦੀ ਮੰਗ ਵੱਧ ਗਈ ਹੈ ਤੇ ਰਾਜ ਵਿੱਚ ਯੋਜਨਾਬੱਧ ਕਲੋਨੀਆਂ ਦੇ ਵਿਕਾਸ ਲਈ ਪੰਜਾਬ ਰਿਹਾਇਸ਼ੀ ਅਤੇ ਸੰਪੱਤੀ ਵਿਨਿਯਮਨ ਐਕਟ, 1995 ਦੇ ਅਧੀਨ ਕਲੋਨੀ ਲਸੰਸ ਪ੍ਰਾਪਤ ਕਰਨ ਲਈ ਉਤਸ਼ਾਹਕ ਤੁਲਨਾਤਮਿਕ ਤੌਰ 'ਤੇ ਘੱਟ ਗਿਣਤੀ ਵਿੱਚ ਅੱਗੇ ਆਏ ਹਨ। ਨਤੀਜੇ ਵਜੋਂ, ਰਾਜ ਵਿੱਚ ਵੱਡੀ ਗਿਣਤੀ ਵਿੱਚ ਅਣ-ਅਧਿਕਾਰਤ ਕਲੋਨੀਆਂ ਉੱਭਰ ਆਈਆਂ ਹਨ। ਪਰ, ਉਕਤ ਐਕਟਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਪਰਿਪਾਲਣ ਨਾ ਕਰਨ ਦੀ ਘਾਟ ਕਾਰਨ, ਇਨ੍ਹਾਂ ਸਾਰੇ ਸਾਲਾਂ ਦੌਰਾਨ ਅਣ-ਅਧਿਕਾਰਤ ਕਲੋਨੀਆਂ ਅਤੇ ਪਲਾਟਾਂ ਤੇ ਬਣੀਆਂ ਇਮਾਰਤਾਂ ਨੂੰ ਢਾਹੁਣ ਲਈ ਬਹੁਤ ਜ਼ਿਆਦਾ ਅਮਲ ਨਹੀਂ ਕੀਤਾ ਗਿਆ;

ਜਦੋਂ ਕਿ ਇਹਨਾਂ ਸਾਰੇ ਸਾਲਾਂ ਦੌਰਾਨ ਪਿਛਲੇ ਲਗਭਗ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ, ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੋਂ ਬਿਨਾਂ ਵੱਡੀ ਗਿਣਤੀ ਵਿੱਚ ਕਲੋਨੀਆਂ ਬਣੀਆਂ ਹਨ ਅਤੇ ਇਨ੍ਹਾਂ ਕਲੋਨੀਆਂ ਵਿੱਚ ਵੱਡੀ ਗਿਣਤੀ ਵਿੱਚ ਰਿਹਾਇਸ਼ੀ ਜਾਂ ਵਪਾਰਕ ਇਮਾਰਤਾਂ ਬਿਨਾਂ ਪ੍ਰਵਾਨਗੀ ਤੋਂ ਅਤੇ ਬਿਨਾਂ ਢੁੱਕਵੀਆਂ ਸਹੂਲਤਾਂ ਤੋਂ ਬਣਾਈਆਂ ਗਈਆਂ ਹਨ ਅਤੇ ਇੰਨੀ ਵੱਡੀ ਗਿਣਤੀ ਵਿੱਚ ਅਣ-ਅਧਿਕਾਰਤ ਕਲੋਨੀਆਂ ਜਾਂ ਇਮਾਰਤਾਂ ਨੂੰ ਢਾਹ ਕੇ ਜਨਤਾ ਨੂੰ ਵੱਡੀ ਗਿਣਤੀ ਵਿੱਚ ਉਖੇੜਨਾ, ਜਨਤਕ ਹਿੱਤ ਵਿੱਚ ਨਹੀਂ ਹੈ;

ਜਦੋਂ ਕਿ, ਸਰਕਾਰ ਨੇ ਇਸ ਸਥਿਤੀ ਨਾਲ ਨਜਿੱਠਣ ਲਈ ਰਣਨੀਤੀ ਸੁਝਾਉਣ ਲਈ ਮਾਹਰਾਂ ਦੀ ਇੱਕ ਕਮੇਟੀ ਬਣਾਈ ਸੀ, ਜਿਸਨੇ ਜ਼ਮੀਨੀ ਹਕੀਕਤਾਂ ਦਾ ਮੁਲਾਂਕਣ ਕਰਨ ਤੋਂ ਬਾਅਦ ਸੁਝਾਅ ਦਿੱਤਾ ਕਿ ਨਾ ਕੇਵਲ ਅਣ-ਅਧਿਕਾਰਤ ਕਲੋਨੀਆਂ ਅਤੇ ਅਜਿਹੀਆਂ ਕਲੋਨੀਆਂ ਵਿੱਚ ਸਥਿਤ ਇਮਾਰਤਾਂ ਨੂੰ ਇੱਕ ਨੀਤੀ ਬਣਾ ਕੇ ਨਿਯਮਤ ਕੀਤਾ ਜਾਣਾ ਚਾਹੀਦਾ ਹੈ, ਸਗੋਂ ਇਨ੍ਹਾਂ ਕਲੋਨੀਆਂ ਦੇ ਵਸਨੀਕਾਂ ਨੂੰ ਰਾਹਤ ਦੇਣ ਲਈ ਬੁਨਿਆਦੀ ਸੁਵਿਧਾਵਾਂ ਵੀ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ;

ਜਦੋਂ ਕਿ ਮਾਹਰਾਂ ਦੇ ਸੁਝਾਵਾਂ ਤੇ ਵਿਚਾਰ ਕਰਨ ਤੋਂ ਬਾਅਦ, ਸਰਕਾਰ ਦੁਆਰਾ ਉਲਿੱਖਤ ਨੀਤੀਗਤ ਢਾਂਚੇ ਦੇ ਅੰਦਰ ਅਣ-ਅਧਿਕਾਰਤ ਕਲੋਨੀਆਂ ਜਾਂ ਇਮਾਰਤਾਂ ਨੂੰ ਨਿਯਮਤ ਕਰਕੇ ਰਾਜ ਦੇ ਲੋਕਾਂ ਨੂੰ ਰਾਹਤ ਮੁਹੱਈਆ ਕਰਨਾ ਵਡੇਰੇ ਜਨਤਕ ਹਿੱਤ ਵਿੱਚ ਜਰੂਰੀ ਸਮਝਿਆ ਗਿਆ ਹੈ;

ਜਦੋਂ ਕਿ ਇਨ੍ਹਾਂ ਸਾਰੇ ਗ਼ੈਰ-ਯੋਜਨਾਬੱਧ ਖੇਤਰਾਂ ਨੂੰ ਯੋਜਨਾਬੱਧ ਵਿਕਾਸ ਦੇ ਘੇਰੇ ਵਿੱਚ ਲਿਆਉਣ ਅਤੇ ਇਨ੍ਹਾਂ ਕਲੋਨੀਆਂ ਦੇ ਵਸਨੀਕਾਂ ਦੇ ਜੀਵਨ ਦੀ ਬਿਹਤਰ ਗੁਣਵੱਤਾ ਲਈ ਬੁਨਿਆਦੀ ਸੁਵਿਧਾਵਾਂ ਦੀ ਵਿਵਸਥਾ ਨੂੰ ਯਕੀਨੀ ਬਣਾਉਣ ਲਈ, ਪੰਜਾਬ ਸਰਕਾਰ ਨੇ ਪਹਿਲਾਂ ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਐਕਟ, 2013 ਬਣਾਇਆ ਸੀ, ਜਿਸਨੂੰ 2014 ਅਤੇ 2016 ਵਿੱਚ ਨੀਤੀਆਂ ਬਣਾਉਣ ਲਈ ਦੁਬਾਰਾ ਬਣਾਇਆ ਗਿਆ ਸੀ। ਇਨ੍ਹਾਂ ਤਿੰਨਾਂ ਕਾਨੂੰਨਾਂ ਵਿੱਚੋਂ, ਪਹਿਲੇ ਦੋ ਕਾਨੂੰਨ ਇੱਕ ਸਾਲ ਦੀ ਮੁੱਦਤ ਲਈ ਕ੍ਰਮਵਾਰ 17 ਅਪ੍ਰੈਲ, 2013 ਤੋਂ 16 ਅਪ੍ਰੈਲ, 2014 ਤੱਕ ਅਤੇ 6 ਫਰਵਰੀ, 2015 ਤੋਂ 5 ਫਰਵਰੀ, 2016 ਤੱਕ ਅਮਲਸ਼ੀਲ ਰਹੇ। ਜਦੋਂਕਿ ਤੀਜਾ ਕਾਨੂੰਨ ਛੇ ਮਹੀਨਿਆਂ ਦੀ ਮੁੱਦਤ ਲਈ ਭਾਵ 21 ਅਕਤੂਬਰ, 2016 ਤੋਂ 20 ਅਪ੍ਰੈਲ, 2017 ਤੱਕ ਅਮਲਸ਼ੀਲ ਰਿਹਾ। ਪਰ, ਅਣ-ਅਧਿਕਾਰਤ ਕਲੋਨੀਆਂ ਦੇ ਕੁਝ ਆਬਾਦਕਾਰ ਜਾਂ ਪਲਾਟ ਧਾਰਕ ਪੂਰਵਲੀਆਂ ਨੀਤੀਆਂ ਦੇ ਅਧੀਨ ਨਿਯਮਤਕਰਨ ਲਈ ਅਰਜੀ ਨਹੀਂ ਦੇ ਸਕੇ ਅਤੇ ਪੂਰਵਲੀਆਂ ਨੀਤੀਆਂ ਵਿੱਚ ਕੁਝ ਸੋਧਾਂ ਕੀਤੀਆਂ ਜਾਣੀਆਂ ਲੋੜੀਂਦੀਆਂ ਹਨ ਤਾਂ ਜੋ ਨਵੀਂ ਨੀਤੀ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਗ਼ੈਰ-ਅਧਿਕਾਰਤ ਕਲੋਨੀਆਂ ਨੂੰ ਸ਼ਾਮਲ ਕੀਤਾ ਜਾ ਸਕੇ;

ਅਤੇ ਜਦੋਂਕਿ, ਅਣ-ਅਧਿਕਾਰਤ ਕਲੋਨੀਆਂ ਵਿੱਚ ਰਹਿ ਰਹੇ ਪੰਜਾਬ ਰਾਜ ਦੇ ਲੋਕਾਂ ਨੂੰ ਰਾਹਤ ਮੁਹੱਈਆ ਕਰਨ ਲਈ ਇੱਕ ਕਾਨੂੰਨ ਹੋਣਾ ਉੱਚਿਤ ਹੈ।

ਭਾਰਤ ਗਣਰਾਜ ਦੇ ਉੱਨਤਰਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਕਾਨੂੰਨ (ਅਣ-ਅਧਿਕਾਰਤ ਕਲੋਨੀਆਂ ਦੇ ਨਿਯਮਤਕਰਨ ਲਈ ਵਿਸ਼ੇਸ਼ ਉਪਬੰਧ) ਐਕਟ, 2018 ਕਿਹੇ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਸਰਕਾਰੀ ਗਜ਼ਟ ਵਿੱਚ ਇਸਦੇ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

ਪਰਿਭਾਸ਼ਾਵਾਂ। 2. (1) ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,—

(ੳ) "ਅਪੀਲੀ ਅਥਾਰਟੀ" ਦਾ ਮਤਲਬ ਹੈ ਧਾਰਾ 10 ਅਧੀਨ ਨਿਯੁਕਤ ਕੀਤੀ ਅਪੀਲੀ ਅਥਾਰਟੀ;

(ਅ) "ਕਲੋਨੀ" ਦਾ ਮਤਲਬ ਹੈ ਘੱਟ ਤੋਂ ਘੱਟ ਇੱਕ ਹਜ਼ਾਰ ਵਰਗ ਮੀਟਰ ਭੋਂ ਦਾ ਖੇਤਰ ਜੋ ਰਿਹਾਇਸ਼ੀ, ਵਪਾਰਕ ਜਾਂ ਉਦਯੋਗਿਕ ਪ੍ਰਯੋਜਨ ਲਈ ਪਲਾਟਾਂ ਵਿੱਚ ਵੰਡਿਆ ਹੋਇਆ ਹੋਵੇ;

(ੲ) "ਸ਼ਕਤਵਾਨ ਅਥਾਰਟੀ" ਦਾ ਮਤਲਬ ਹੈ ਕੋਈ ਵਿਅਕਤੀ ਜਾਂ ਅਥਾਰਟੀ, ਜਿਵੇਂ ਇਸ ਐਕਟ ਅਧੀਨ ਸ਼ਕਤਵਾਨ ਅਥਾਰਟੀ ਦੀਆਂ ਸਾਰੀਆਂ ਜਾਂ ਕਿਸੇ ਸ਼ਕਤੀਆਂ ਅਤੇ ਕਾਜਕਾਰਾਂ ਦੀ ਵਰਤੋਂ ਅਤੇ ਨਿਭਾਉਣ ਲਈ ਧਾਰਾ 7 ਵਿੱਚ ਉਲਿੱਖਤ ਹੈ;

(ਸ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਹ) "ਮਾਸਟਰ ਪਲਾਨ" ਦਾ ਮਤਲਬ ਹੈ ਪੰਜਾਬ ਖੇਤਰੀ ਅਤੇ ਸਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੇ ਅਧੀਨ ਤਿਆਰ ਅਤੇ ਅਧਿਸੂਚਿਤ ਕੀਤਾ ਮਾਸਟਰ ਪਲਾਨ;

(ਕ) "ਜਨਤਕ ਭੋਂ" ਦਾ ਮਤਲਬ ਹੈ ਕੇਂਦਰੀ ਜਾਂ ਰਾਜ ਸਰਕਾਰ, ਕਿਸੇ ਵੀ ਕੇਂਦਰੀ ਜਾਂ ਰਾਜ ਕਾਨੂੰਨ ਅਧੀਨ ਗਠਿਤ ਬੋਰਡਾਂ ਜਾਂ ਨਿਯਮਾਂ ਦੀ ਮਲਕੀਅਤ ਵਾਲੀ ਜਾਂ ਕੇਂਦਰੀ ਜਾਂ ਰਾਜ ਸਰਕਾਰ ਦੀ ਮਲਕੀਅਤ ਵਾਲੀ ਭੋਂ ਜਿਸ ਵਿੱਚ ਗ੍ਰਾਮ ਪੰਚਾਇਤ ਜਾਂ ਨਗਰਪਾਲਿਕਾ ਦੀ ਮਲਕੀਅਤ ਵਾਲੀ ਭੋਂ ਵੀ ਸ਼ਾਮਲ ਹੈ;

(ਖ) "ਦੰਡਾਤਮਿਕ ਕਾਰਵਾਈ" ਦਾ ਮਤਲਬ ਹੈ ਸਥਾਨਕ ਅਥਾਰਟੀ ਜਾਂ ਸ਼ਕਤਵਾਨ ਅਥਾਰਟੀ ਦੁਆਰਾ ਸੁਸੰਗਤ ਕਾਨੂੰਨ ਅਧੀਨ ਅਣ-ਅਧਿਕਾਰਤ ਵਿਕਾਸ ਦੇ ਵਿਰੁੱਧ ਕੀਤੀ ਗਈ ਕਾਰਵਾਈ ਅਤੇ ਇਸ ਵਿੱਚ ਢਾਹੁਣਾ, ਵਿਅਕਤੀਆਂ ਜਾਂ ਉਨ੍ਹਾਂ ਦੇ ਵਪਾਰਕ ਅਦਾਰੇ ਨੂੰ ਉਨ੍ਹਾਂ ਦੀ ਮੌਜੂਦਾ ਜਗ੍ਹਾ ਤੋਂ ਹਟਾਉਣਾ ਸ਼ਾਮਲ ਹੋਵੇਗਾ, ਚਾਹੇ ਅਦਾਲਤ ਦੇ ਹੁਕਮਾਂ ਦੇ ਅਨੁਸਾਰ ਹੋਵੇ ਜਾਂ ਹੋਰ ਤਰ੍ਹਾਂ;

(ਗ) "ਨਿਵਾਸੀ ਭਲਾਈ ਸਭਾ (ਆਰ.ਡਬਲਿਊ.ਏ.)" ਦਾ ਮਤਲਬ ਹੈ ਸੁਸਾਇਟੀ ਰਜਿਸਟ੍ਰੇਸ਼ਨ ਐਕਟ, 1860 ਦੇ ਅਧੀਨ ਰਜਿਸਟਰਸ਼ੁਦਾ ਕਿਸੇ ਅਣ-ਅਧਿਕਾਰਤ ਕਲੋਨੀ ਜਾਂ ਸਹਿਕਾਰੀ ਸੁਸਾਇਟੀ ਦੇ ਪਲਾਟ ਧਾਰਕਾਂ ਦੀ ਇੱਕ ਸੁਸਾਇਟੀ;

(ਘ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ; ਅਤੇ

(ਙ) "ਅਣ-ਅਧਿਕਾਰਤ ਕਲੋਨੀ" ਦਾ ਮਤਲਬ ਹੈ ਇੱਕ ਕਲੋਨੀ ਅਤੇ ਇਸ ਵਿੱਚ ਅਜਿਹੀ ਕਲੋਨੀ ਵਿੱਚ ਬਣੀ ਇਮਾਰਤ ਜਾਂ ਰਿਹਾਇਸ਼ੀ ਕਮਰਾ ਸ਼ਾਮਲ ਹੈ, ਜੋ ਕਿ ਉਤਸ਼ਾਹਕ ਦੁਆਰਾ ਪੰਜਾਬ ਰਿਹਾਇਸ਼ੀ ਅਤੇ ਸੰਪੱਤੀ ਵਿਨਿਯਮਨ ਐਕਟ, 1995 (1995 ਦਾ ਪੰਜਾਬ ਐਕਟ ਨੰ.14) ਦੇ ਉਪਬੰਧਾਂ ਦੀ ਉਲੰਘਣਾ ਕਰਕੇ ਵਿਕਸਤ ਕੀਤੀ ਹੋਵੇ।

(2) 'ਰਿਹਾਇਸ਼ੀ ਕਮਰਾ', 'ਅਥਾਰਟੀ', 'ਵਿਕਾਸ ਖਰਚੇ', 'ਵਿਕਾਸ ਕਾਰਜ', 'ਬਾਹਰੀ ਵਿਕਾਸ ਕਾਰਜ', 'ਅੰਦਰੂਨੀ ਵਿਕਾਸ ਕਾਰਜ', 'ਸਥਾਨਕ ਅਥਾਰਟੀ', 'ਵਿਅਕਤੀ', 'ਉਤਸ਼ਾਹਕ' ਪਦਾਂ ਦੀਆਂ ਪਰਿਭਾਸ਼ਾਵਾਂ ਜਾਂ ਇਸ ਐਕਟ ਵਿੱਚ ਵਰਤੇ ਗਏ ਹੋਰ ਸ਼ਬਦ, ਪਰ ਪਰਿਭਾਸ਼ਤ ਨਹੀਂ ਕੀਤੇ ਗਏ ਉਨ੍ਹਾਂ ਦਾ ਕ੍ਰਮਵਾਰ ਅਰਥ ਹੋਵੇਗਾ ਜੋ ਉਨ੍ਹਾਂ ਨੂੰ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਅਤੇ ਪੰਜਾਬ ਰਿਹਾਇਸ਼ੀ ਅਤੇ ਸੰਪੱਤੀ ਵਿਨਿਯਮਨ ਐਕਟ, 1995 ਵਿੱਚ ਦਿੱਤਾ ਗਿਆ ਹੈ।

ਲੰਬਿਤ ਦਰਖ਼ਾਸਤਾਂ ਦਾ ਨਿਪਟਾਰਾ।

3. ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਐਕਟ, 2013, ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਐਕਟ, 2014 ਅਤੇ ਪੰਜਾਬ ਕਾਨੂੰਨ (ਵਿਸ਼ੇਸ਼ ਉਪਬੰਧ) ਐਕਟ, 2016 ਅਧੀਨ ਸਥਾਨਕ ਅਥਾਰਟੀ ਜਾਂ ਸ਼ਕਤਵਾਨ ਅਥਾਰਟੀ ਦੁਆਰਾ ਪ੍ਰਾਪਤ ਸਾਰੀਆਂ ਲੰਬਿਤ ਦਰਖਾਸਤਾਂ ਵੀ, ਇਸ ਐਕਟ ਅਧੀਨ ਨਿਪਟਾਈਆਂ ਜਾਣਗੀਆਂ।

ਅਣ-ਅਧਿਕਾਰਤ ਵਿਕਾਸ ਦਾ ਨਿਯਮਤਕਰਨ।

4. ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਰਾਜ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਅਤੇ ਫੀਸ ਦੀ ਅਦਾਇਗੀ, ਵਿਕਾਸ ਖਰਚਿਆਂ ਅਤੇ ਨਿਬੰਧਨਾਂ ਅਤੇ ਸ਼ਰਤਾਂ ਦੀ ਪੂਰਤੀ ਦੇ ਤਾਬੇ, ਜਿਵੇਂ ਕਿ ਇਸ ਐਕਟ ਅਧੀਨ ਸਰਕਾਰ ਦੁਆਰਾ ਬਣਾਈ ਜਾਣ ਵਾਲੀ ਨੀਤੀ ਵਿੱਚ ਨਿਰਧਾਰਤ ਕੀਤਾ ਗਿਆ ਹੋਵੇ, ਵਿਕਾਸ ਨੂੰ ਸਬੰਧਤ ਐਕਟ ਦੇ ਉਪਬੰਧਾਂ ਅਧੀਨ

ਨਿਯਮਤ ਕੀਤਾ ਸਮਝਿਆ ਜਾਵੇਗਾ, ਇਸ ਵਿੱਚ ਜਿੱਥੇ ਅਜਿਹੀਆਂ ਖਿਲਾਫ਼ਵਰਜੀਆਂ ਲਈ ਕੋਈ ਕਾਰਵਾਈ ਆਰੰਭ ਕੀਤੀ ਗਈ ਹੋਵੇ, ਸ਼ਾਮਲ ਹੈ।

ਕੁਝ ਮਾਮਲਿਆਂ ਤੇ ਇਸ ਐਕਟ ਦੀਆਂ ਧਾਰਾਵਾਂ ਲਾਗੂ ਨਹੀਂ ਹੋਣਗੀਆਂ।

5. ਇਸ ਐਕਟ ਦੇ ਅਮਲ ਹੋਣ ਦੀ ਮੁੱਦਤ ਦੌਰਾਨ ਅਣ-ਅਧਿਕਾਰਤ ਵਿਕਾਸ ਦੀਆਂ ਹੇਠ-ਲਿਖੀਆਂ ਸ਼੍ਰੇਣੀਆਂ ਦੇ ਸਬੰਧ ਵਿੱਚ ਧਾਰਾ 3 ਦੇ ਉਪਬੰਧਾਂ ਅਧੀਨ ਨਿਯਮਤ ਕਰਨ ਦੀ ਕੋਈ ਰਾਹਤ ਉਪਲੱਬਧ ਨਹੀਂ ਹੋਵੇਗੀ, ਅਰਥਾਤ:–

(ੳ) 19 ਮਾਰਚ, 2018 ਨੂੰ ਜਾਂ ਉਸ ਤੋਂ ਬਾਅਦ ਬਣਾਇਆ ਗਿਆ ਜਾਂ ਜਾਰੀ ਰੱਖਿਆ ਗਿਆ ਕੋਈ ਵੀ ਅਣ-ਅਧਿਕਾਰਤ ਉਸਾਰੀ ਜਾਂ ਵਿਕਾਸ;

(ਅ) ਜਨਤਕ ਭੋਂ ਉੱਤੇ ਨਾਜਾਇਜ਼ ਕਬਜ਼ਾ;

(ੲ) ਭੋਂ ਅਰਜਤਕਰਣ ਐਕਟ, 1894, ਅਰਜਤਕਰਣ, ਪੁਨਰਵਾਸ ਅਤੇ ਪੁਨਰਸਥਾਪਨਾ ਵਿੱਚ ਉਚਿਤ ਮੁਆਵਜ਼ਾ ਅਤੇ ਪਾਰਦਰਸ਼ਤਾ ਦਾ ਅਧਿਕਾਰ ਐਕਟ, 2013, ਵਣ ਪ੍ਰਤਿਪਾਲਣ ਐਕਟ, 1980, ਪੰਜਾਬ ਭੋਂ ਪਰਿਰੱਖਿਅਕ ਐਕਟ, 1900, ਵਾਤਾਵਰਣ ਹਿਫ਼ਾਜ਼ਤ ਐਕਟ, 1986 ਅਤੇ ਰੱਖਿਆ ਕਾਰਜ ਐਕਟ, 1903 ਅਧੀਨ ਅਧਿਸੂਚਤ ਖੇਤਰ 'ਤੇ ਜਾਂ ਕਿਸੇ ਹੋਰ ਕੇਂਦਰੀ ਜਾਂ ਰਾਜ ਕਾਨੂੰਨ ਅਧੀਨ ਆਉਂਦੇ ਖੇਤਰ 'ਤੇ ਖੜ੍ਹਾ ਕੀਤਾ ਗਿਆ ਅਣ-ਅਧਿਕਾਰਤ ਵਿਕਾਸ;

(ਸ) ਅਧਿਸੂਚਤ ਸੜਕਾਂ ਅਤੇ ਰਾਸ਼ਟਰੀ ਰਾਜਮਾਰਗਾਂ ਦੇ ਨਾਲ ਲੱਗਦੇ ਪਾਬੰਦੀਸ਼ੁਦਾ ਖੇਤਰਾਂ ਵਿੱਚ ਜਾਂ ਕਿਸੇ ਹੋਰ ਕੇਂਦਰੀ ਜਾਂ ਰਾਜ ਕਾਨੂੰਨ ਅਧੀਨ ਘੋਸ਼ਿਤ ਕਿਸੇ ਹੋਰ ਪਾਬੰਦੀਸ਼ੁਦਾ ਖੇਤਰ ਵਿੱਚ ਆਉਣ ਵਾਲੀ ਭੋਂ 'ਤੇ ਕੀਤਾ ਗਿਆ ਅਣ-ਅਧਿਕਾਰਤ ਵਿਕਾਸ;

(ਹ) ਕਿਸੇ ਹੋਰ ਕਿਸਮ ਦੀ ਭੋਂ ਜਾਂ ਇਮਾਰਤ, ਜਿਵੇਂ ਸਰਕਾਰ ਦੁਆਰਾ ਫ਼ੈਸਲਾ ਕੀਤਾ ਗਿਆ ਹੋਵੇ; ਅਤੇ

(ਕ) ਅਣ-ਅਧਿਕਾਰਤ ਵਿਆਹ ਮਹਿਲ ਅਤੇ ਅਣ-ਅਧਿਕਾਰਤ ਸਵੈਤੰਤਰ ਇਮਾਰਤਾਂ, ਜਿਨ੍ਹਾਂ ਲਈ ਸਰਕਾਰ ਨੇ ਵੱਖਰੀਆਂ ਨੀਤੀਆਂ ਨੂੰ ਅਧਿਸੂਚਿਤ ਕੀਤਾ ਹੈ।

6. ਕੋਈ ਵੀ ਵਿਅਕਤੀ ਇਸ ਐਕਟ ਅਧੀਨ ਨਿਯਮਤਕਰਨ ਦੇ ਕਿਸੇ ਫ਼ਾਇਦੇ ਜਾਂ ਰਾਹਤ ਦਾ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ, ਜਦੋਂ ਤੱਕ ਸਾਰੇ ਨਿਬੰਧਨ ਅਤੇ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ ਅਤੇ ਸਰਕਾਰ ਦੁਆਰਾ ਉਲਿੱਖਤ ਲੋੜੀਂਦੀ ਫ਼ੀਸ ਅਤੇ ਖ਼ਰਚੇ ਜਮ੍ਹਾਂ ਨਹੀਂ ਕਰਵਾ ਦਿੱਤੇ ਜਾਂਦੇ। ਦਾਅਵੇ ਦਾ ਹੱਕਦਾਰ।

7. ਨਗਰਪਾਲਕ ਹੱਦਾਂ ਤੋਂ ਬਾਹਰ ਪੈਂਦੇ ਖੇਤਰ ਦੇ ਮਾਮਲੇ ਵਿੱਚ ਸੰਬੰਧਤ ਵਿਸ਼ੇਸ਼ ਵਿਕਾਸ ਅਥਾਰਟੀ ਦੇ ਮੁੱਖ-ਪ੍ਰਸ਼ਾਸਕ, ਨਗਰ ਨਿਗਮ ਦੀਆਂ ਹੱਦਾਂ ਦੇ ਅੰਦਰ ਆਉਂਦੇ ਖੇਤਰ ਦੇ ਮਾਮਲਿਆਂ ਵਿੱਚ ਨਗਰਪਾਲਕ ਨਿਗਮ ਦੇ ਕਮਿਸ਼ਨਰ, ਨਗਰਪਾਲਕ ਪਰਿਸ਼ਦ ਅਤੇ ਨਗਰ ਪਰਿਸ਼ਦ ਦੀਆਂ ਹੱਦਾਂ ਦੇ ਅੰਦਰ ਆਉਣ ਵਾਲੇ ਖੇਤਰ ਲਈ ਖੇਤਰੀ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਜਾਂ ਸਰਕਾਰ ਦੁਆਰਾ ਅਧਿਸੂਚਿਤ ਕੋਈ ਹੋਰ ਵਿਅਕਤੀ ਜਾਂ ਅਥਾਰਟੀ, ਇਸ ਐਕਟ ਅਧੀਨ ਸਾਰੀਆਂ ਜਾਂ ਕਿਸੇ ਸ਼ਕਤੀਆਂ ਅਤੇ ਕਾਰਜਾਂ ਦੀ ਵਰਤੋਂ ਅਤੇ ਪਾਲਣਾ ਕਰਨ ਲਈ ਸ਼ਕਤਵਾਨ ਅਥਾਰਟੀ ਹੋਣਗੇ। ਸ਼ਕਤਵਾਨ ਅਥਾਰਟੀ ]

8. (1) ਇਸ ਐਕਟ ਅਧੀਨ ਅਣ-ਅਧਿਕਾਰਤ ਕਲੋਨੀ ਜਾਂ ਇਮਾਰਤ ਜਾਂ ਰਿਹਾਇਸ਼ੀ ਮਕਾਨ ਨੂੰ ਨਿਯਮਤ ਕਰਵਾਉਣ ਦਾ ਚਿਤਵਤ ਕੋਈ ਵੀ ਵਿਅਕਤੀ, ਨਿਯਮਤ ਕਰਨ ਲਈ ਸ਼ਕਤਵਾਨ ਅਥਾਰਟੀ ਨੂੰ ਲਿਖਤੀ ਜਾਂ ਆਨਲਾਈਨ ਦਰਖ਼ਾਸਤ ਅਜਿਹੇ ਰੂਪ ਵਿੱਚ ਦੇਵੇਗਾ, ਜਿਸ ਵਿੱਚ ਅਜਿਹੇ ਵੇਰਵੇ ਅਤੇ ਅਜਿਹੇ ਦਸਤਾਵੇਜ ਅਤੇ ਯੋਜਨਾਵਾਂ ਸ਼ਾਮਲ ਹੋਣ, ਜਿਵੇਂ ਕਿ ਨੀਤੀ ਵਿੱਚ ਅਤੇ ਸ਼ਕਤਵਾਨ ਅਥਾਰਟੀ ਦੁਆਰਾ ਉਲਿੱਖਤ ਕੀਤੇ ਹੋਣ। ਸ਼ਕਤਵਾਨ ਅਥਾਰਟੀ ਦੀਆਂ ਸ਼ਕਤੀਆਂ ਅਤੇ ਕਾਰਜ।

(2) ਉਪ-ਧਾਰਾ (1) ਦੇ ਅਧੀਨ ਦਿੱਤੀ ਗਈ ਦਰਖ਼ਾਸਤ ਪ੍ਰਾਪਤ ਹੋਣ 'ਤੇ ਅਤੇ ਭੋਂ-ਉਪਯੋਗ ਬਦਲਾਅ, ਨਿਯਮਤਕਰਨ ਜਾਂ ਵਿਕਾਸ ਖ਼ਰਚੇ, ਲਸੰਸ ਫ਼ੀਸ ਜਾਂ ਇਜਾਜ਼ਤ ਫ਼ੀਸ, ਸਮਾਜਿਕ ਬੁਨਿਆਦੀ ਢਾਂਚਾਗਤ ਫ਼ੰਡ, ਮਿਸ਼ਰਤ ਫ਼ੀਸ ਆਦਿ ਨਾਲ ਸੰਬੰਧਤ ਨੀਤੀ ਵਿੱਚ ਉਲਿੱਖਤ ਕੀਤੇ ਗਏ ਖ਼ਰਚਿਆਂ ਅਤੇ ਫ਼ੀਸ ਦੀ ਅਦਾਇਗੀ ਕਰਨ 'ਤੇ, ਸ਼ਕਤਵਾਨ ਅਥਾਰਟੀ ਇੱਕ ਹੁਕਮ ਪਾਸ ਕਰ ਸਕੇਗੀ,—

(i) ਬਿਨਾਂ-ਸ਼ਰਤ ਨਿਯਮਤੀਕਰਨ ਦੇਣਾ; ਜਾਂ

(ii) ਅਜਿਹੀਆਂ ਸ਼ਰਤਾਂ ਦੇ ਤਾਬੇ ਜਿਵੇਂ ਇਹ ਅਰੋਪਣਾ ਜ਼ਰੂਰੀ ਸਮਝਦੀ ਹੈ, ਨਿਯਮਤੀਕਰਨ ਦੇਣਾ; ਜਾਂ

(iii) ਨਿਯਮਤੀਕਰਨ ਤੋਂ ਇਨਕਾਰ ਕਰਨਾ; ਅਤੇ

(iv) ਜਿੱਥੇ ਨਿਯਮਤੀਕਰਨ ਕੁੱਝ ਸ਼ਰਤਾਂ ਦੇ ਤਾਬੇ ਦਿੱਤਾ ਜਾਂਦਾ ਹੈ ਜਾਂ ਇਨਕਾਰ ਕਰ ਦਿੱਤਾ ਜਾਂਦਾ ਹੈ, ਅਜਿਹੀਆਂ ਸ਼ਰਤਾਂ ਜਾਂ ਇਨਕਾਰ ਦਰਖ਼ਾਸਤਕਾਰ ਨੂੰ ਲਿਖਤੀ ਰੂਪ ਵਿੱਚ ਸੰਸੂਚਤ ਕਰੇਗੀ।

ਨੀਤੀ ਬਣਾਉਣ ਦੀ ਸ਼ਕਤੀ।

9. ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨੀਤੀ ਬਣਾ ਅਤੇ ਅਧਿਸੂਚਤ ਕਰ ਸਕੇਗੀ।

ਅਪੀਲੀ ਅਥਾਰਟੀ।

10. ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਸ਼ਕਤਵਾਨ ਅਥਾਰਟੀ ਦੇ ਹੁਕਮਾਂ ਵਿਰੁੱਧ ਅਪੀਲਾਂ ਦਾ ਫ਼ੈਸਲਾ ਕਰਨ ਲਈ ਇੱਕ ਅਧਿਕਾਰੀ ਜਾਂ ਅਥਾਰਟੀ ਨੂੰ ਅਪੀਲੀ ਅਥਾਰਟੀ ਵਜੋਂ ਨਿਯੁਕਤ ਕਰ ਸਕਦੀ ਹੈ:

ਪਰੰਤੂ ਸਰਕਾਰ ਇੱਕ ਤੋਂ ਵੱਧ ਅਧਿਕਾਰੀ ਜਾਂ ਅਥਾਰਟੀ ਨੂੰ ਅਪੀਲੀ ਅਥਾਰਟੀ ਵਜੋਂ ਨਿਯੁਕਤ ਕਰ ਸਕਦੀ ਹੈ ਅਤੇ ਉਨ੍ਹਾਂ ਵਿੱਚ ਕਾਰਜਾਂ ਨੂੰ ਉਸੇ ਤਰੀਕੇ ਨਾਲ ਵੰਡ ਸਕਦੀ ਹੈ ਜਿਵੇਂ ਉਹ ਉੱਚਿਤ ਸਮਝੇ।

ਸ਼ਕਤਵਾਨ ਅਥਾਰਟੀ ਦੇ ਹੁਕਮਾਂ ਦੇ ਵਿਰੁੱਧ ਅਪੀਲ।

11. (1) ਇਸ ਐਕਟ ਅਧੀਨ ਸ਼ਕਤਵਾਨ ਅਥਾਰਟੀ ਦੇ ਕਿਸੇ ਵੀ ਹੁਕਮ ਤੋਂ ਦੁਖਤ ਕੋਈ ਵੀ ਵਿਅਕਤੀ, ਉਸਨੂੰ ਹੁਕਮ ਦੇ ਸੰਸੂਚਤ ਹੋਣ ਤੋਂ ਤੀਹ ਦਿਨਾਂ ਦੇ ਅੰਦਰ, ਅਪੀਲੀ ਅਥਾਰਟੀ ਨੂੰ ਅਜਿਹੇ ਰੂਪ ਅਤੇ ਤਰੀਕੇ ਨਾਲ ਅਪੀਲ ਕਰ ਸਕਦਾ ਹੈ ਜਿਵੇਂ ਅਧਿਸੂਚਤ ਕੀਤਾ ਹੋਵੇ।

(2) ਅਪੀਲੀ ਅਥਾਰਟੀ, ਧਿਰਾਂ ਅਤੇ ਸ਼ਕਤਵਾਨ ਅਥਾਰਟੀ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਬਾਅਦ, ਅਜਿਹਾ ਹੁਕਮ ਪਾਸ ਕਰ ਸਕਦੀ ਹੈ ਜਿਵੇਂ ਕਿ ਉਹ ਉੱਚਿਤ ਸਮਝੇ, ਜਾਂ ਤਾਂ ਸ਼ਕਤਵਾਨ ਅਥਾਰਟੀ ਦੇ ਹੁਕਮ ਦੀ ਪੁਸ਼ਟੀ. ਰੂਪਭੇਦ ਜਾਂ ਰੱਦ ਕਰੇਗੀ ਅਤੇ ਇਸਦੇ ਕਾਰਨਾਂ ਨੂੰ ਕਲਮਬੰਦ ਕਰੇਗੀ ਅਤੇ ਅਪੀਲੀ ਅਥਾਰਟੀ ਦਾ ਹੁਕਮ ਅੰਤਮ ਹੋਵੇਗਾ।

(3) ਅਪੀਲ ਦਾ ਫ਼ੈਸਲਾ ਕਰਦੇ ਸਮੇਂ ਆਪਣੇ ਕਾਰਜਾਂ ਨੂੰ ਨਿਭਾਉਣ ਵਿੱਚ, ਅਪੀਲੀ ਅਥਾਰਟੀ ਕੋਲ ਦੀਵਾਨੀ ਜ਼ਾਬਤਾ ਸੰਘਤਾ, 1908 ਅਧੀਨ ਦੀਵਾਨੀ ਅਦਾਲਤ ਦੀਆਂ ਸਾਰੀਆਂ ਸ਼ਕਤੀਆਂ ਹੋਣਗੀਆਂ।

ਸਰਕਾਰ ਦੀ ਹਦਾਇਤਾਂ ਦੇਣ ਦੀ ਸ਼ਕਤੀ।

12. ਸਰਕਾਰ, ਸਮੇਂ-ਸਮੇਂ 'ਤੇ, ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ ਸ਼ਕਤਵਾਨ ਅਥਾਰਟੀ ਨੂੰ ਅਜਿਹੀਆਂ ਹਦਾਇਤਾਂ ਜਾਰੀ ਕਰ ਸਕੇਗੀ ਜੋ ਉਹ ਉੱਚਿਤ ਸਮਝੇ ਅਤੇ ਅਜਿਹੀਆਂ ਹਦਾਇਤਾਂ ਦੀ ਪਾਲਣਾ ਕਰਨਾ ਸ਼ਕਤਵਾਨ ਅਥਾਰਟੀ ਦਾ ਕਰਤੱਵ ਹੋਵੇਗਾ।

13. ਕੋਈ ਵੀ ਵਿਅਕਤੀ ਜਾਂ ਉਤਸ਼ਾਹਕ ਜਾਂ ਉਸਦਾ ਏਜੰਟ ਜੋ ਧਾਰਾ 5(ੳ) ਵਿੱਚ ਉਲਿੱਖਤ ਕੀਤੀ ਤਰੀਕ ਤੋਂ ਜਾਂ ਉਸ ਤੋਂ ਬਾਅਦ ਅਣ-ਅਧਿਕਾਰਤ ਕਲੋਨੀ ਜਾਂ ਇਮਾਰਤ ਵਿਕਸਤ ਕਰੇਗਾ, ਸਿੱਧ ਦੋਸ਼ੀ ਪਾਏ ਜਾਣ 'ਤੇ ਉਸਨੂੰ ਘੱਟੋ-ਘੱਟ ਤਿੰਨ ਸਾਲਾਂ ਦੀ ਕੈਦ, ਜੋ ਕਿ ਸੱਤ ਸਾਲ ਤੱਕ ਵੱਧ ਸਕੇਗੀ ਅਤੇ ਘੱਟੋ-ਘੱਟ ਦੋ ਲੱਖ ਰੁਪਏ ਦਾ ਜੁਰਮਾਨਾ, ਜੋ ਕਿ ਪੰਜ ਲੱਖ ਤੱਕ ਵੱਧ ਸਕਦਾ ਹੈ, ਦੀ ਸਜ਼ਾ ਨਾਲ ਦੰਡਤ ਹੋਵੇਗਾ। ਅਪਰਾਧ ਅਤੇ ਡੰਨ।

14. ਧਾਰਾ 5(ੳ) ਵਿੱਚ ਉਲਿੱਖਤ ਕੀਤੀ ਤਰੀਕ ਤੋਂ ਜਾਂ ਉਸ ਤੋਂ ਬਾਅਦ, ਜੇ ਸ਼ਕਤਵਾਨ ਅਥਾਰਟੀ ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਕੋਈ ਅਣ-ਅਧਿਕਾਰਤ ਕਲੋਨੀ ਜਾਂ ਅਣ-ਅਧਿਕਾਰਤ ਇਮਾਰਤ ਦੀ ਉਸਾਰੀ ਕੀਤੀ ਗਈ ਹੈ, ਤਾਂ ਉਸ ਕੋਲ ਤੀਹ ਦਿਨਾਂ ਦਾ ਨੋਟਿਸ ਦੇਣ ਅਤੇ ਸੰਬੰਧਤ ਵਿਅਕਤੀ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਬਾਅਦ ਅਜਿਹੀ ਅਣ-ਅਧਿਕਾਰਤ ਇਮਾਰਤ ਜਾਂ ਕਲੋਨੀ ਦੀ ਉਸਾਰੀ ਜਾਂ ਵਿਕਾਸ ਨੂੰ ਰੋਕਣ ਜਾਂ ਇਸਨੂੰ ਢਾਹੁਣ ਜਾਂ ਹਟਾਉਣ ਦਾ ਹੁਕਮ ਦੇਣ ਦੀ ਸ਼ਕਤੀ ਹੋਵੇਗੀ। ਸ਼ਕਤਵਾਨ ਅਥਾਰਟੀ ਦੀ ਸ਼ਕਤੀ।

15. ਇਸ ਐਕਟ ਜਾਂ ਇਸ ਅਧੀਨ ਬਣਾਈ ਗਈ ਕਿਸੇ ਵੀ ਨੀਤੀ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਚਿਤਵਤ ਕਿਸੇ ਗੱਲ ਲਈ ਕਿਸੇ ਵੀ ਵਿਅਕਤੀ ਵਿਰੁੱਧ ਕੋਈ ਦਾਵਾ, ਮੁਕੱਦਮਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ। ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦੀ ਹਿਫ਼ਾਜ਼ਤ।

16. ਕਿਸੇ ਵੀ ਦੀਵਾਨੀ ਅਦਾਲਤ ਨੂੰ ਕਿਸੇ ਵੀ ਮਾਮਲੇ ਦੇ ਸੰਬੰਧ ਵਿੱਚ ਕਿਸੇ ਦਾਵੇ ਜਾਂ ਕਾਰਵਾਈ ਨੂੰ ਸੁਣਨ ਦੀ ਅਧਿਕਾਰਤਾ ਨਹੀਂ ਹੋਵੇਗੀ, ਜਿਸਦਾ ਸਮਾਇਤ ਅਧਿਕਾਰ ਇਸ ਐਕਟ ਜਾਂ ਇਸ ਅਧੀਨ ਬਣਾਈ ਨੀਤੀ ਦੁਆਰਾ ਅਧਿਕਾਰਤ ਕਿਸੇ ਵੀ ਅਥਾਰਟੀ ਦੁਆਰਾ ਲਿਆ ਅਤੇ ਨਿਪਟਾਇਆ ਜਾ ਸਕਦਾ ਹੈ। ਅਦਾਲਤਾਂ ਦੀ ਅਧਿਕਾਰਤਾ ਤੇ ਰੋਕ।

**ਮਨਦੀਪ ਪੰਨੂ,**
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3464/7-2025/Pb. Govt. Press, S.A.S. Nagar*

**ਭਾਗ -1**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 28 ਜੁਲਾਈ, 2025

**ਨੰ. 25/ਭ:ਕ/2025.-** ਪੰਜਾਬ ਰਾਜ ਉਚੇਰੀ ਸਿੱਖਿਆ ਪਰਿਸ਼ਦ ਐਕਟ, 2018 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾ ਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 28th July, 2025

**No. 25/L.C./2025.-** The Translation in Punjabi of the Punjab State Higher Education Council Act, 2018 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਰਾਜ ਉਚੇਰੀ ਸਿੱਖਿਆ ਪਰਿਸ਼ਦ ਐਕਟ, 2018

(2018 ਦਾ ਪੰਜਾਬ ਐਕਟ ਨੰ. 24)

ਰਾਜ ਵਿੱਚ ਉਚੇਰੀ ਸਿੱਖਿਆ ਦੇ ਯੋਜਨਾਬੱਧ ਅਤੇ ਇਕਸਾਰ ਤਾਲਮੇਲ ਵਾਲੇ ਵਿਕਾਸ ਲਈ ਅਤੇ ਉੱਚ ਸਿੱਖਿਆ ਸਬੰਧਤ ਮਾਮਲਿਆਂ ਵਿੱਚ ਰਾਜ ਸਰਕਾਰ ਨੂੰ ਸਲਾਹ ਦੇਣ, ਅਤੇ ਦ੍ਰਿਸ਼ਟੀਕੋਣ ਯੋਜਨਾਬੰਦੀ ਅਤੇ ਨਿਗਰਾਨੀ ਨਾਲ ਇਸਦੇ ਵਿਕਾਸ ਦੀ ਦੇਖ-ਭਾਲ ਕਰਨ ਅਤੇ ਉਸ ਨਾਲ ਸਬੰਧ ਰੱਖਦੇ ਜਾਂ ਅਨੁਸੰਗਕ ਮਾਮਲਿਆਂ ਲਈ ਪੰਜਾਬ ਰਾਜ ਉਚੇਰੀ ਸਿੱਖਿਆ ਪਰਿਸ਼ਦ ਵਜੋਂ ਜਾਣੀ ਜਾਂਦੀ ਇੱਕ ਪਰਿਸ਼ਦ ਸਥਾਪਤ ਅਤੇ ਨਿਗਮਤ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਉੱਨਤਰ੍ਹਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਰਾਜ ਉਚੇਰੀ ਸਿੱਖਿਆ ਪਰਿਸ਼ਦ ਐਕਟ, 2018 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਸਰਕਾਰੀ ਗਜ਼ਟ ਵਿੱਚ ਇਸਦੇ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,— ਪਰਿਭਾਸ਼ਾਵਾਂ।

(ੳ) "ਚੇਅਰਮੈਨ" ਦਾ ਮਤਲਬ ਹੈ ਪਰਿਸ਼ਦ ਦਾ ਚੇਅਰਮੈਨ;

(ਅ) "ਕਾਲਜ" ਦਾ ਮਤਲਬ ਹੈ ਵਿੱਦਿਅਕ ਸੰਸਥਾ, ਜੋ ਇੱਕ ਯੂਨੀਵਰਸਿਟੀ ਨਾਲ ਸੰਬੰਧਤ ਹੈ, ਜੋ ਅਧਿਐਨ ਦੀ ਕਿਸੇ ਸ਼ਾਖਾ ਵਿੱਚ 10+2 ਪੱਧਰ ਤੋਂ ਅੱਗੇ ਸਿੱਖਿਆ ਮੁਹੱਈਆ ਕਰਦੀ ਹੈ, ਪਰ ਇਸ ਵਿੱਚ ਮੈਡੀਕਲ/ ਤਕਨੀਕੀ/ਖੇਤੀਬਾੜੀ/ਪ੍ਰਬੰਧਨ/ ਪਸ਼ੂ ਚਿਕਿਤਸਾ ਕਾਲਜ ਸ਼ਾਮਲ ਨਹੀਂ ਹਨ;

(ੲ) "ਪਰਿਸ਼ਦ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਗਠਿਤ ਪੰਜਾਬ ਰਾਜ ਉਚੇਰੀ ਸਿੱਖਿਆ ਪਰਿਸ਼ਦ;

(ਸ) "ਡਿਗਰੀ" ਦਾ ਮਤਲਬ ਹੈ ਕਲਾ, ਵਿਗਿਆਨ, ਵਣਜ, ਲਲਿਤ-ਕਲਾ, ਕਾਨੂੰਨ ਜਾਂ ਯੂਨੀਵਰਸਿਟੀ ਦੁਆਰਾ ਮਾਨਤਾ ਪ੍ਰਾਪਤ ਕੋਈ ਹੋਰ ਵਿਸ਼ੇ ਵਿੱਚ ਡਿਗਰੀ, ਜਿਸ ਵਿੱਚ ਪੋਸਟ-ਗਰੈਜੂਏਟ ਜਾਂ ਖੋਜ ਡਿਗਰੀ ਸ਼ਾਮਲ ਹੈ, ਪਰ ਇਸ ਵਿੱਚ ਇੰਜਨੀਅਰਿੰਗ/ਤਕਨੀਕੀ/ਪ੍ਰਬੰਧਨ/ਖੇਤੀਬਾੜੀ/ ਪਸ਼ੂ ਚਿਕਿਤਸਾ ਡਿਗਰੀਆਂ ਸ਼ਾਮਲ ਨਹੀਂ ਹਨ;

(ਹ) "ਫ਼ੰਡ" ਦਾ ਮਤਲਬ ਹੈ ਪੰਜਾਬ ਰਾਜ ਉਚੇਰੀ ਸਿੱਖਿਆ ਪਰਿਸ਼ਦ ਫ਼ੰਡ;

(ਕ) "ਸਰਕਾਰੀ ਕਾਲਜ" ਦਾ ਮਤਲਬ ਹੈ ਮੈਡੀਕਲ/ਤਕਨੀਕੀ/ ਖੇਤੀਬਾੜੀ/ਪ੍ਰਬੰਧਨ/ਪਸ਼ੂ ਚਿਕਿਤਸਾ ਕਾਲਜਾਂ ਨੂੰ ਛੱਡ ਕੇ ਇੱਕ ਕਾਲਜ, ਜੋ ਪੂਰੀ ਤਰ੍ਹਾਂ ਰਾਜ ਸਰਕਾਰ ਦੁਆਰਾ ਪ੍ਰਸ਼ਾਸਤ ਅਤੇ ਕਾਇਮ ਰੱਖਿਆ ਜਾਂਦਾ ਹੈ;

(ਖ) "ਉਚੇਰੀ ਸਿੱਖਿਆ" ਦਾ ਮਤਲਬ ਹੈ 10+2 ਪ੍ਰਣਾਲੀ ਤੋਂ ਅੱਗੇ ਸਿੱਖਿਆ ਅਧਿਐਨ;

(ਗ) "ਉਚੇਰੀ ਸਿੱਖਿਆ ਸੰਸਥਾਵਾਂ" ਦਾ ਮਤਲਬ ਹੈ ਰਾਜ ਵਿੱਚ 10+2 ਪ੍ਰਣਾਲੀ ਤੋਂ ਅੱਗੇ ਸਿੱਖਿਆ ਪ੍ਰਦਾਨ ਕਰਨ ਵਾਲੀਆਂ ਸਾਰੀਆਂ ਯੂਨੀਵਰਸਿਟੀਆਂ, ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਅਣ-ਸਹਾਇਤਾ ਪ੍ਰਾਪਤ ਪਾਈਵੇਟ ਕਾਲਜ ਅਤੇ ਯੂਨੀਵਰਸਿਟੀਆਂ ਨਾਲ ਸਿੱਧੇ ਜੁੜੇ ਹੋਏ ਕਾਲਜ, ਪਰ ਇਸ ਐਕਟ ਦੇ ਸੰਦਰਭ ਵਿੱਚ, ਇਸ ਵਿੱਚ ਮੈਡੀਕਲ/ਤਕਨੀਕੀ/ਖੇਤੀਬਾੜੀ/ਪ੍ਰਬੰਧਨ/ਪਸ਼ੂ-ਚਿਕਿਤਸਾ, ਵਿੱਦਿਅਕ ਸੰਸਥਾਵਾਂ ਸ਼ਾਮਲ ਨਹੀਂ ਹਨ;

(ਘ) "ਮੈਂਬਰ-ਸਕੱਤਰ" ਦਾ ਮਤਲਬ ਹੈ ਪਰਿਸ਼ਦ ਦਾ ਮੈਂਬਰ-ਸਕੱਤਰ;

(ਙ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਚ) "ਪ੍ਰਾਈਵੇਟ ਕਾਲਜ" ਦਾ ਮਤਲਬ ਹੈ ਇੱਕ ਕਾਲਜ ਜੋ ਕਿਸੇ ਪ੍ਰਾਈਵੇਟ ਬਾਡੀ ਦੁਆਰਾ ਚਲਾਇਆ ਅਤੇ ਪ੍ਰਸ਼ਾਸਤ ਕੀਤਾ ਜਾਂਦਾ ਹੈ, ਜਿਸਨੂੰ ਰਾਜ ਸਰਕਾਰ ਤੋਂ ਕੋਈ ਗ੍ਰਾਂਟ ਪ੍ਰਾਪਤ ਨਹੀਂ ਹੁੰਦੀ;

(ਛ) "ਰੈਗੂਲੇਟਰੀ ਬਾਡੀਆਂ" ਦਾ ਮਤਲਬ ਹੈ ਕੇਂਦਰ ਜਾਂ ਰਾਜ ਸਰਕਾਰ ਦੁਆਰਾ ਸਥਾਪਿਤ ਵਿਧਾਨਿਕ ਬਾਡੀਆਂ;

(ਜ) "ਖੋਜ ਕਮੇਟੀ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 7 ਦੀ ਉਪ-ਧਾਰਾ (1) ਦੇ ਅਧੀਨ ਗਠਤ ਖੋਜ ਕਮੇਟੀ;

(ਝ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਉਚੇਰੀ ਸਿੱਖਿਆ ਵਿਭਾਗ;

(ਞ) "ਯੂਨੀਵਰਸਿਟੀ" ਦਾ ਮਤਲਬ ਹੈ ਕੇਂਦਰੀ ਐਕਟ ਜਾਂ ਰਾਜ ਵਿਧਾਨ ਮੰਡਲ ਦੇ ਐਕਟ ਦੁਆਰਾ ਜਾਂ ਅਧੀਨ ਸਥਾਪਤ ਜਾਂ ਨਿਗਮਤ ਯੂਨੀਵਰਸਿਟੀ; ਅਤੇ

(ਟ) "ਵਾਈਸ ਚੇਅਰਮੈਨ" ਦਾ ਮਤਲਬ ਹੈ ਪਰਿਸ਼ਦ ਦਾ ਵਾਈਸ ਚੇਅਰਮੈਨ।

*ਪਰਿਸ਼ਦ ਦਾ ਗਠਨ, ਨਿਗਮਨ ਅਤੇ ਮੁੱਖ-ਦਫ਼ਤਰ।*

3. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੀ ਪੰਜਾਬ ਰਾਜ ਉਚੇਰੀ ਸਿੱਖਿਆ ਪ੍ਰੀਸ਼ਦ ਦਾ ਗਠਨ ਕਰੇਗੀ, ਅਰਥਾਤ:–

| | | |
|---|---|---|
| (ੳ) | ਮੁੱਖ-ਮੰਤਰੀ, ਪੰਜਾਬ; | : ਚੇਅਰਮੈਨ |
| (ਅ) | ਉਚੇਰੀ ਸਿੱਖਿਆ ਮੰਤਰੀ, ਪੰਜਾਬ ਸਰਕਾਰ; | : ਵਾਈਸ-ਚੇਅਰਮੈਨ |
| (ੲ) | ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਦੇ ਸਕੱਤਰ ਦਾ ਇੱਕ ਨਾਮਜ਼ਦ ਵਿਅਕਤੀ; | : ਮੈਂਬਰ |
| (ਸ) | ਪ੍ਰਬੰਧਕੀ ਸਕੱਤਰ, ਵਿੱਤ ਵਿਭਾਗ, | : ਮੈਂਬਰ |

ਪੰਜਾਬ ਸਰਕਾਰ ਜਾਂ ਉਸ ਦਾ ਨਾਮਜ਼ਦ ਵਿਅਕਤੀ ਜੋ ਸੰਯੁਕਤ ਸਕੱਤਰ ਦੇ ਰੈਂਕ ਤੋਂ ਘੱਟ ਨਾ ਹੋਵੇ;

(ਹ) ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ; : ਮੈਂਬਰ

(ਕ) ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; : ਮੈਂਬਰ

(ਖ) ਰਾਜ ਪ੍ਰੋਜੈਕਟ ਡਾਇਰੈਕਟਰ, ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ; : ਮੈਂਬਰ

(ਗ) ਡਾਇਰੈਕਟਰ, ਪਬਲਿਕ ਇੰਸਟਰਕਸ਼ਨ (ਕਾਲਜਾਂ), ਪੰਜਾਬ; : ਮੈਂਬਰ

(ਘ) ਰਾਜ ਨੋਡਲ ਅਫ਼ਸਰ (ਉਚੇਰੀ ਸਿੱਖਿਆ 'ਤੇ ਆਲ ਇੰਡੀਆ ਸਰਵੇਖਣ); : ਮੈਂਬਰ

(ਙ) ਰਾਜ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣ ਵਾਲੇ ਸਰਕਾਰੀ ਕਾਲਜਾਂ ਦੇ ਦੋ ਪ੍ਰਿੰਸੀਪਲ, ਜੋ ਘੱਟੋ ਘੱਟ ਇੱਕ ਸਾਲ ਦੀ ਮੁੱਦਤ ਲਈ ਅਜਿਹੇ ਅਹੁਦੇ ਤੇ ਕੰਮ ਕਰ ਰਹੇ ਹਨ; : ਮੈਂਬਰ

(ਚ) ਕਲਾ, ਵਿਗਿਆਨ, ਤਕਨਾਲੋਜੀ, ਸੱਭਿਆਚਾਰ, ਉਦਯੋਗ, ਕਿੱਤਾ-ਮੁਖੀ ਸਿੱਖਿਆ, ਹੁਨਰ ਵਿਕਾਸ ਆਦਿ ਖੇਤਰਾਂ ਤੋਂ ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ 10-15 ਮੈਂਬਰ, ਜਿਨ੍ਹਾਂ ਨੇ ਆਪਣੇ ਖੇਤਰ ਵਿੱਚ ਮਹੱਤਵਪੂਰਨ ਅਤੇ ਪਛਾਣਨਯੋਗ ਯੋਗਦਾਨ ਪਾਇਆ ਹੋਵੇ; ਅਤੇ : ਮੈਂਬਰ

(ਛ) ਪ੍ਰਬੰਧਕੀ ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ। : ਮੈਂਬਰ-ਸਕੱਤਰ

(2) ਪਰਿਸ਼ਦ ਅਤੇ ਇਸਦੇ ਮੈਂਬਰ ਮਿਲ ਕੇ ਇੱਕ ਨਿਯਮਤ ਬਾਡੀ ਬਣਾਉਣਗੇ ਜਿਸਦਾ ਸਦੀਵੀ ਉੱਤਰਾਧਿਕਾਰ ਅਤੇ ਸਾਂਝੀ ਮੁਹਰ ਹੋਵੇਗੀ ਅਤੇ ਉਹ ਪੰਜਾਬ ਰਾਜ ਉਚੇਰੀ ਸਿੱਖਿਆ ਪਰਿਸ਼ਦ ਦੇ ਨਾਂ ਤੇ ਦਾਵਾ ਕਰ ਸਕੇਗੀ ਅਤੇ ਉਸ 'ਤੇ ਦਾਵਾ ਕੀਤਾ ਜਾ ਸਕੇਗਾ।

(3) ਪਰਿਸ਼ਦ ਦਾ ਮੁੱਖ-ਦਫ਼ਤਰ ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ, ਪੰਜਾਬ ਰਾਜ ਦੇ ਡਾਇਰੈਕਟੋਰੇਟ ਦੇ ਦਫ਼ਤਰ ਵਿੱਚ ਸਥਿਤ ਹੋਵੇਗਾ।

(4) ਗੈਰ-ਸਰਕਾਰੀ ਮੈਂਬਰਾਂ ਲਈ ਵੱਧ ਤੋਂ ਵੱਧ ਉਮਰ ਸੀਮਾ ਪੈਂਹਠ ਸਾਲ ਹੋਵੇਗੀ।

(5) ਗੈਰ-ਸਰਕਾਰੀ ਮੈਂਬਰਾਂ ਦਾ ਮਾਣਭੱਤਾ ਅਜਿਹਾ ਹੋਵੇਗਾ, ਜੋ ਮੁਕੱਰਰ ਕੀਤਾ ਜਾਵੇ।

(6) ਨਾਮਜ਼ਦ ਕੀਤੇ ਮੈਂਬਰਾਂ ਦੀ ਮਿਆਦ ਪੰਜ ਸਾਲਾਂ ਦੀ ਹੋਵੇਗੀ। ਰਾਜ ਸਰਕਾਰ ਨੂੰ ਅਜਿਹੇ ਕਿਸੇ ਵੀ ਮੈਂਬਰ ਦੀ ਮਿਆਦ ਦਾ ਵਿਸਤਾਰ ਕਰਨ ਦਾ ਅਧਿਕਾਰ ਹੋਵੇਗਾ।

ਪਰਿਸ਼ਦ ਦੀਆਂ ਇਕੱਤਰਤਾਵਾਂ।

4. (1) ਪਰਿਸ਼ਦ ਹਰੇਕ ਤਿੰਨ ਮਹੀਨਿਆਂ ਵਿੱਚ ਘੱਟੋ ਘੱਟ ਇੱਕ ਵਾਰ ਇਕੱਤਰਤਾ ਕਰੇਗੀ।

(2) ਪਰਿਸ਼ਦ ਦੀ ਇਕੱਤਰਤਾ ਦਾ ਕੋਰਮ ਕੁੱਲ ਮੈਂਬਰਾਂ ਦਾ ਇੱਕ ਤਿਹਾਈ ਹੋਵੇਗਾ।

(3) ਪਰਿਸ਼ਦ ਦਾ ਕੋਈ ਕਾਰਜ ਜਾਂ ਕਾਰਵਾਈ ਸਿਰਫ਼ ਪਰਿਸ਼ਦ ਦੇ ਕਿਸੇ ਖ਼ਾਲੀ ਥਾਂ ਜਾਂ ਗਠਨ ਵਿੱਚ ਕਿਸੇ ਨੁਕਸ ਦੇ ਕਾਰਨ ਨਜਾਇਜ਼ ਨਹੀਂ ਸਮਝੀ ਜਾਵੇਗੀ, ਪਰੰਤੂ ਕੋਰਮ ਮੌਜੂਦ ਹੋਵੇ।

ਪਰਿਸ਼ਦ ਦੇ ਕਾਰਜ ਅਤੇ ਸ਼ਕਤੀਆਂ।

5. ਪਰਿਸ਼ਦ ਦੇ ਕਾਰਜ ਅਤੇ ਸ਼ਕਤੀਆਂ ਹੇਠ-ਲਿਖੇ ਅਨੁਸਾਰ ਹੋਣਗੀਆਂ, ਅਰਥਾਤ:–

(ੳ) ਰਾਜ ਉਚੇਰੀ ਸਿੱਖਿਆ ਯੋਜਨਾ (ਪਰਿਪੇਖੀ ਯੋਜਨਾ, ਸਾਲਾਨਾ ਯੋਜਨਾ ਅਤੇ ਬਜਟ ਯੋਜਨਾ) ਤਿਆਰ ਕਰਨਾ ਅਤੇ ਉਨ੍ਹਾਂ ਦੀਆਂ ਯੋਜਨਾਵਾਂ ਤਿਆਰ ਕਰਨ ਅਤੇ ਪਰਿਪਾਲਣ ਕਰਨ ਲਈ ਹੋਰ ਰਾਜ ਉਚੇਰੀ ਸਿੱਖਿਆ ਸੰਸਥਾਵਾਂ ਨੂੰ ਸੇਧ ਪ੍ਰਦਾਨ ਕਰਨਾ;

(ਅ) ਉਚੇਰੀ ਸਿੱਖਿਆ ਦੇ ਖੇਤਰ ਵਿੱਚ ਰੈਗੂਲੇਟਰੀ ਬਾਡੀਆਂ ਅਤੇ ਰਾਜ ਸਰਕਾਰ ਵਿਚਕਾਰ ਤਾਲਮੇਲ ਕਰਨਾ;

(ੲ) ਰਾਜ ਉਚੇਰੀ ਸਿੱਖਿਆ ਯੋਜਨਾ ਦਾ ਨਿਰੀਖਣ ਅਤੇ ਲਾਗੂ ਕਰਨ ਲਈ ਢੁੱਕਵਾਂ ਪ੍ਰਬੰਧਨ ਸੂਚਨਾ ਪ੍ਰਣਾਲੀ ਦੀ ਰਚਨਾ ਕਰਨਾ;

(ਸ) ਰਾਜ ਅਤੇ ਸੰਸਥਾਗਤ ਪੱਧਰ 'ਤੇ ਮੁੱਦਤੀ ਅੰਕੜਿਆਂ ਦਾ ਇਕੱਠਾ ਅਤੇ ਰੱਖ-ਰਖਾਵ ਕਰਨਾ;

(ਹ) ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ ਅਧੀਨ ਵਿਕਸਤ ਕੀਤੇ ਗਏ ਮਿਆਰਾਂ ਅਤੇ ਮੁੱਖ-ਪ੍ਰਦਰਸ਼ਨ ਸੂਚਕ ਦੇ ਆਧਾਰ 'ਤੇ ਰਾਜ ਸੰਸਥਾਵਾਂ ਦਾ ਮੁਲਾਂਕਣ ਕਰਨਾ;

(ਕ) ਜੇ ਇਹ ਉੱਚਿਤ ਸਮਝੇ, ਤਾਂ ਆਪਣੀ ਵਰਤੋਂ ਲਈ ਅਤਿਰਿਕਤ ਮਿਆਰ ਵਿਕਸਤ ਕਰਨਾ ਅਤੇ ਬਿਹਤਰ ਪ੍ਰਦਰਸ਼ਨ ਲਈ ਉਪਚਾਰਕ ਉਪਾਵਾਂ ਦੀ ਸਿਫ਼ਾਰਸ਼ ਕਰਨਾ;

(ਖ) ਉਚੇਰੀ ਸਿੱਖਿਆ ਦੇ ਮੁੱਖ ਤਿੰਨ ਸਿਧਾਂਤਾਂ ਅਰਥਾਤ ਗੁਣਵੱਤਾ, ਸਮਾਨਤਾ ਅਤੇ ਪਹੁੰਚ ਨੂੰ ਪੂਰਾ ਕਰਨ ਲਈ ਮੁਨਾਸਬ ਕਦਮ ਚੁੱਕਣੇ;

(ਗ) ਉੱਚੇਰੀ ਸਿੱਖਿਆ ਦੀਆਂ ਰਾਜ ਸੰਸਥਾਵਾਂ ਵਿੱਚ ਅਕਾਦਮਿਕ ਅਤੇ ਸ਼ਾਸਨ ਸੁਧਾਰਾਂ ਦੀ ਨਿਗਰਾਨੀ;

(ਘ) ਯੂਨੀਵਰਸਿਟੀਆਂ ਵਿਚਕਾਰ ਅਤੇ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚਕਾਰ ਵਧੇਰੇ ਅਕਾਦਮਿਕ ਸਹਿਯੋਗ ਅਤੇ ਆਪਸੀ ਤਾਲਮੇਲ ਲਈ ਪ੍ਰੋਗਰਾਮ ਵਿਕਸਤ ਕਰਨਾ;

(ਙ) ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ ਦੇ ਅਨੁਸਾਰ ਫ਼ੰਡਾਂ (ਰਾਜ ਦੇ ਨਾਲ-ਨਾਲ ਕੇਂਦਰੀ ਹਿੱਸੇ) ਨੂੰ ਸਮੇਂ ਸਿਰ ਜਾਰੀ ਅਤੇ ਵੰਡ ਨੂੰ ਯਕੀਨੀ ਬਣਾਉਣਾ;

(ਚ) ਉੱਚੇਰੀ ਸਿੱਖਿਆ ਵਿੱਚ ਰਣਨੀਤਕ ਨਿਵੇਸ਼ਾਂ ਬਾਰੇ ਰਾਜ ਸਰਕਾਰ ਨੂੰ ਸਲਾਹ ਦੇਣਾ ਅਤੇ ਖ਼ਾਸ ਕਰਕੇ ਜਨਤਕ ਨਿੱਜੀ ਭਾਈਵਾਲੀ ਅਤੇ ਪਰਉਪਕਾਰੀ ਦਾਨ ਆਦਿ ਰਾਹੀਂ ਰਾਜ ਵਿੱਚ ਉੱਚੇਰੀ ਸਿੱਖਿਆ ਲਈ ਅਤਿਰਿਕਤ ਸਾਧਨ ਜਟਾਉਣ ਦੇ ਅਰਥ ਉਪਾਓ ਸੁਝਾਉਣਾ;

(ਛ) ਰਾਜ ਦੀਆਂ ਉੱਚੇਰੀ ਸਿੱਖਿਆ ਸੰਸਥਾਵਾਂ ਨੂੰ ਨਿਰਦੇਸ਼ ਦੇਣਾ ਕਿ ਉਹ ਇਹ ਯਕੀਨੀ ਬਣਾਉਣ ਕਿ ਦਾਖ਼ਲਾ, ਅਧਿਆਪਨ, ਪ੍ਰੀਖਿਆ, ਖੋਜ, ਵਿਸਥਾਰ ਪ੍ਰੋਗਰਾਮ, ਯੋਗ ਅਧਿਆਪਕ, ਅਤੇ ਬੁਨਿਆਦੀ ਢਾਂਚੇ ਦੇ ਮਾਪਦੰਡ ਕੇਂਦਰੀ ਅਤੇ ਰਾਜ ਸਰਕਾਰ ਦੀਆਂ ਮੁਨਾਸਬ ਅਥਾਰਟੀਆਂ ਦੁਆਰਾ ਸਮੇਂ-ਸਮੇਂ ਤੇ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਅਨੁਸਰਣ ਵਿੱਚ ਬਣਾਏ ਜਾਣ; ਅਤੇ

(ਜ) ਕਿਸੇ ਵੀ ਅਜਿਹੇ ਵਿਅਕਤੀ ਨੂੰ ਇਸ ਨਾਲ ਜੋੜਨਾ ਜਿਸਦੀ ਸਹਾਇਤਾ ਜਾਂ ਸਲਾਹ, ਇਸਦੀ ਰਾਏ ਵਿੱਚ, ਪਰਿਸ਼ਦ ਕੌਂਸਲ ਦੇ ਕਾਰਜਾਂ ਨੂੰ ਸਿਰੇ ਚਾੜ੍ਹਨ ਲਈ ਲੋੜੀਂਦੀ ਹੋਵੇ।

ਚੇਅਰਮੈਨ ਅਤੇ ਵਾਈਸ-ਚੇਅਰਮੈਨ ਦੀਆਂ ਸ਼ਕਤੀਆਂ ਅਤੇ ਕਾਰਜ।

6. (1) ਪਰਿਸ਼ਦ ਦੇ ਚੇਅਰਮੈਨ ਅਤੇ ਵਾਈਸ-ਚੇਅਰਮੈਨ ਦੀਆਂ ਸ਼ਕਤੀਆਂ ਅਤੇ ਕਾਰਜ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾਣ।

(2) ਚੇਅਰਮੈਨ, ਅਤੇ ਉਸਦੀ ਗੈਰ-ਹਾਜ਼ਰੀ ਵਿੱਚ ਪਰਿਸ਼ਦ ਦਾ ਵਾਈਸ-ਚੇਅਰਮੈਨ ਪਰਿਸ਼ਦ ਦੀਆਂ ਇੱਕੱਤਰਤਾਵਾਂ ਦੀ ਪ੍ਰਧਾਨਗੀ ਕਰੇਗਾ।

ਗ਼ੈਰ-ਸਰਕਾਰੀ ਮੈਂਬਰਾਂ ਦੀ ਚੋਣ ਲਈ ਖੋਜ ਕਮੇਟੀ ਦੀ ਰਚਨਾ।

7. (1) ਗ਼ੈਰ-ਸਰਕਾਰੀ ਮੈਂਬਰਾਂ ਦੀ ਚੋਣ ਮੁੱਖ ਸਕੱਤਰ, ਪੰਜਾਬ ਦੀ ਅਗਵਾਈ ਵਾਲੀ ਖੋਜ ਕਮੇਟੀ ਦੁਆਰਾ ਕੀਤੀ ਜਾਵੇਗੀ, ਜੋ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ, ਅਰਥਾਤ:–

(ੳ) ਪ੍ਰਬੰਧਕੀ ਸਕੱਤਰ (ਉੱਚੇਰੀ ਸਿੱਖਿਆ);

(ਅ) ਵਾਈਸ-ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ;

(ੲ) ਵਾਈਸ-ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; ਅਤੇ

(ਸ) ਰਾਜ ਸਰਕਾਰ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਉੱਚੇਰੀ ਸਿੱਖਿਆ ਦੇ ਖੇਤਰ ਵਿੱਚ ਦੋ ਉੱਘੇ ਵਿਅਕਤੀ।

(2) ਖੋਜ ਕਮੇਟੀ ਆਪਣਾ ਜ਼ਾਬਤਾ ਅਤੇ ਕਾਰਜਵਿਧੀ ਆਪਣੇ ਆਪ ਬਣਾਏਗੀ।

ਪਰਿਸ਼ਦ ਦੇ ਗ਼ੈਰ-ਸਰਕਾਰੀ ਮੈਂਬਰਾਂ ਨੂੰ ਹਟਾਉਣਾ।

8. ਰਾਜ ਸਰਕਾਰ ਦੁਆਰਾ ਪਰਿਸ਼ਦ ਦੇ ਗ਼ੈਰ-ਸਰਕਾਰੀ ਮੈਂਬਰਾਂ ਨੂੰ ਉਹਨਾਂ ਦੇ ਅਹੁੱਦੇ ਤੋਂ ਹਟਾਇਆ ਜਾ ਸਕੇਗਾ ਜੇ ਇਹ ਸੰਤੁਸ਼ਟੀ ਹੋ ਜਾਂਦੀ ਹੈ ਕਿ ਮੌਜੂਦਾ ਮੈਂਬਰ,—

(ੳ) ਪਾਗਲ ਜਾਂ ਅਮੁਕਤ ਦੀਵਾਲੀਆ ਹੋ ਗਿਆ ਹੈ ਅਤੇ ਕਿਸੇ ਸਮਰੱਥ ਅਦਾਲਤ ਦੁਆਰਾ ਇਸ ਤਰ੍ਹਾਂ ਨਿਆਂ-ਨਿਰਣਤ ਕੀਤਾ ਅਤੇ ਐਲਾਨਿਆ ਗਿਆ ਹੈ; ਜਾਂ

(ਅ) ਲੰਬੀ ਬਿਮਾਰੀ ਜਾਂ ਸਰੀਰਕ ਅਪੰਗਤਾ ਕਾਰਨ ਸਰੀਰਕ ਤੌਰ ਤੇ ਅਯੋਗ ਅਤੇ ਕਾਰਜ ਕਰਨ ਦੇ ਅਸਮਰੱਥ ਹੋ ਗਿਆ ਹੈ; ਜਾਂ

(ੲ) ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਤੋਂ ਜਾਣ-ਬੁੱਝ ਕੇ ਅਣਗੌਲਿਆ ਜਾਂ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਜਾਂ ਉਸ ਵਿੱਚ ਨਿਹਿਤ ਸ਼ਕਤੀਆਂ ਦੀ ਦੁਰਵਰਤੋਂ ਕੀਤੀ ਹੈ ਜਾਂ ਕੁਵਰਤੋਂ ਕੀਤੀ ਹੈ ਜਾਂ ਅਮਲ ਕਰਨ ਵਿੱਚ ਅਸੁਯੋਗਤਾ ਦਿਖਾਈ ਹੈ ਜਾਂ ਉਮੀਦ ਕੀਤੇ ਕਰਤੱਵਾਂ ਨੂੰ ਨਿਭਾਉਣ ਵਿੱਚ ਵਾਰ ਵਾਰ ਕੋਤਾਹੀ ਕੀਤੀ ਹੈ ਜਾਂ ਉਸਦਾ ਅਹੁਦੇ ਤੇ ਬਣੇ ਰਹਿਣਾ ਪਰਿਸ਼ਦ ਦੇ ਹਿੱਤਾਂ ਲਈ ਹਾਨੀਕਾਰਕ ਹੈ; ਜਾਂ

(ਸ) ਵਿਸ਼ਵਾਸ ਦੀ ਅਪਰਾਧਕ ਉਲੰਘਣਾ ਜਾਂ ਅਪਰਾਧਕ ਲਾਪਰਵਾਹੀ ਜਾਂ ਘੋਰ ਵਿੱਤੀ ਬੇਨਿਯਮੀ ਜਾਂ ਅਣਉੱਚਿਤਤਾ ਜਾਂ ਬਕਾਇਦਾ ਤੌਰ ਤੇ, ਕਰਤੱਵਾਂ ਦੀ ਘੋਰ ਲਾਪਰਵਾਹੀ ਦਾ ਦੋਸ਼ ਸਾਬਿਤ ਹੋਇਆ ਹੋਵੇ ਜਾਂ ਭਾਰਤੀ ਦੰਡ ਸੰਘਤਾ ਦੇ ਅਰਥਾਂ ਅੰਦਰ ਕਿਸੇ ਵੀ ਅਪਰਾਧ ਲਈ ਕਾਨੂੰਨੀ ਅਦਾਲਤ ਦੁਆਰਾ ਸਿੱਧ-ਦੋਸ਼ੀ ਠਹਿਰਾਇਆ ਗਿਆ ਹੋਵੇ।

ਮੈਂਬਰ-ਸਕੱਤਰ ਦੀਆਂ ਸ਼ਕਤੀਆਂ ਅਤੇ ਕਾਰਜ ]

9. (1) ਮੈਂਬਰ-ਸਕੱਤਰ ਪਰਿਸ਼ਦ ਦੇ ਮੁੱਖ ਕਾਰਜਕਾਰੀ ਅਧਿਕਾਰੀ ਵਜੋਂ ਕਾਰਜ ਕਰੇਗਾ।

(2) ਪਰਿਸ਼ਦ ਦਾ ਹਰੇਕ ਹੁਕਮ ਮੈਂਬਰ-ਸਕੱਤਰ ਦੁਆਰਾ ਤਕਮੀਲ ਕੀਤਾ ਜਾਵੇਗਾ।

(3) ਮੈਂਬਰ-ਸਕੱਤਰ ਦੀਆਂ ਸ਼ਕਤੀਆਂ ਅਤੇ ਕਾਰਜ ਅਜਿਹੇ ਹੋਣਗੇ, ਜੋ ਮੁਕੱਰਰ ਕੀਤੇ ਜਾਣ।

ਪਰਿਸ਼ਦ ਦਾ ਸਟਾਫ਼ ।

10. (1) ਪਰਿਸ਼ਦ ਲਈ ਲੋੜੀਂਦਾ ਸਟਾਫ, ਸਿੱਧੀ ਭਰਤੀ ਰਾਹੀਂ ਜਾਂ ਪ੍ਰਤੀ ਨਿਯੁਕਤੀ ’ਤੇ ਜਾਂ ਠੇਕੇ ਦੇ ਆਧਾਰ ’ਤੇ ਜਾਂ ਸਰਕਾਰੀ ਨੀਤੀ ਦੇ ਅਨੁਸਾਰ ਕਿਸੇ ਹੋਰ ਤਰੀਕੇ ਨਾਲ ਨਿਯੁਕਤ ਕੀਤਾ ਜਾਵੇਗਾ:

ਪਰੰਤੂ ਪਰਿਸ਼ਦ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ, ਜੋ ਮੁਕੱਰਰ ਕੀਤੀਆਂ ਜਾਣ:

ਪਰੰਤੂ ਇਹ ਹੋਰ ਕਿ ਰਾਜ ਸਰਕਾਰ ਦੇ ਵੱਖ-ਵੱਖ ਕਾਡਰਾਂ ਨਾਲ ਸਬੰਧਤ ਅਧਿਕਾਰੀਆਂ ਜਾਂ ਕਰਮਚਾਰੀਆਂ ਦੇ ਸਬੰਧ ਵਿੱਚ ਸੁਸੰਗਤ ਸੇਵਾ ਨਿਯਮ ਅਜਿਹੇ ਅਧਿਕਾਰੀਆਂ ਅਤੇ ਕਰਮਚਾਰੀਆਂ ਤੇ ਲਾਗੂ ਹੁੰਦੇ ਰਹਿਣਗੇ ਜਿਨ੍ਹਾਂ ਨੂੰ ਪਰਿਸ਼ਦ ਲਈ ਪ੍ਰਤਿਨਿਯੁਕਤ ਕੀਤਾ ਗਿਆ ਹੈ।

(2) ਰਾਜ ਪ੍ਰੋਜੈਕਟ ਡਾਇਰੈਕਟਰ, ਰਾਸ਼ਟਰੀ ਉੱਚਤਰ ਸਿੱਖਿਆ ਅਭਿਆਨ, ਮੈਂਬਰ-ਸਕੱਤਰ ਨਾਲ ਸਲਾਹ-ਮਸ਼ਵਰਾ ਕਰਕੇ, ਰਾਜ ਸਰਕਾਰ ਜਾਂ ਪਰਿਸ਼ਦ ਦੁਆਰਾ ਸੌਂਪੇ ਗਏ ਕਿਸੇ ਵੀ ਕੰਮ ਦੀਆਂ ਰਿਪੋਰਟਾਂ ਤਿਆਰ ਕਰਨ ਜਾਂ ਅਧਿਐਨ ਕਰਨ ਜਾਂ ਚਲਾਉਣ ਲਈ ਮਾਹਰਾਂ/ਵਿਸ਼ੇਸ਼ਗ/ਏਜੰਸੀਆਂ ਜਟਾਉਣ ਲਈ ਅਧਿਕਾਰਤ ਹੋਵੇਗਾ। ਪਰ ਇਸ ਸੰਬੰਧ ਵਿੱਚ ਪਰਿਸ਼ਦ ਦੀ ਕਾਰਜ-ਬਾਦ ਪ੍ਰਵਾਨਗੀ ਲਈ ਜਾਵੇਗੀ।

11. (1) ਪੰਜਾਬ ਰਾਜ ਉਚੇਰੀ ਸਿੱਖਿਆ ਪਰਿਸ਼ਦ ਫ਼ੰਡ ਵਜੋਂ ਜਾਣਿਆ ਜਾਂਦਾ ਪਰਿਸ਼ਦ ਦਾ ਇੱਕ ਫ਼ੰਡ ਹੋਵੇਗਾ ਜਿਸ ਵਿੱਚ ਕੇਂਦਰ ਸਰਕਾਰ, ਰਾਜ ਸਰਕਾਰ, ਕੋਈ ਰੈਗੂਲੇਟਰੀ ਬਾਡੀ/ਅਥਾਰਟੀ ਜਾਂ ਕੋਈ ਅੰਸ਼ਦਾਨ ਅਤੇ ਚੰਦੇ ਤੋਂ ਪ੍ਰਾਪਤ ਸਾਰੀਆਂ ਗ੍ਰਾਂਟਾਂ ਜਮ੍ਹਾਂ ਕੀਤੀਆਂ ਜਾਣਗੀਆਂ। ਪਰਿਸ਼ਦ ਦਾ ਫ਼ੰਡ ।

(2) ਰਾਜ ਸਰਕਾਰ ਪਰਿਸ਼ਦ ਦੀ ਸਥਾਪਨਾ ਅਤੇ ਕੰਮ ਕਾਰਜਾਂ ਲਈ ਪੰਜ ਕਰੋੜ ਰੁਪਏ ਦਾ ਇੱਕ ਧਨ ਰਾਸ਼ੀ ਸਥਾਪਤ ਕਰੇਗੀ। ਰਾਜ ਸਰਕਾਰ ਪਰਿਸ਼ਦ ਲਈ ਆਪਣੇ ਸਾਲਾਨਾ ਬਜਟ ਦੇ ਰੂਪ ਵਿੱਚ ਸਮੇਂ-ਸਮੇਂ ਤੇ ਗ੍ਰਾਂਟਾਂ ਵੀ ਜਾਰੀ ਕਰ ਸਕੇਗੀ।

(3) ਫ਼ੰਡ ਦੀ ਵਰਤੋਂ ਪਰਿਸ਼ਦ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਕੀਤੀ ਜਾਵੇਗੀ, ਜਿਸ ਵਿੱਚ ਪਰਿਸ਼ਦ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਤਨਖ਼ਾਹਾਂ ਅਤੇ ਭੱਤਿਆਂ ਦੀ ਅਦਾਇਗੀ ਸ਼ਾਮਲ ਹੈ।

12. (1) ਪਰਿਸ਼ਦ ਹਰ ਵਿੱਤੀ ਸਾਲ ਲਈ ਉੱਚਿਤ ਰਿਕਾਰਡ ਅਤੇ ਲੇਖਾ-ਪੁਸਤਕਾਂ ਨੂੰ ਅਜਿਹੇ ਤਰੀਕੇ ਅਤੇ ਰੂਪ ਵਿੱਚ ਰੱਖੇਗੀ, ਜਿਵੇਂ ਮੁਕੱਰਰ ਕੀਤਾ ਜਾਵੇ। ਲੇਖੇ ਅਤੇ ਆਡਿਟ ।

(2) ਰਾਜ ਸਰਕਾਰ ਪਰਿਸ਼ਦ ਦੇ ਫ਼ੰਡਾਂ ਅਤੇ ਖਾਤਿਆਂ ਦਾ ਵਿਧਾਨਿਕ ਆਡਿਟ ਅਜਿਹੇ ਤਰੀਕੇ ਨਾਲ ਕਾਰਤ ਕਰਵਾਏਗੀ ਜਿਵੇਂ ਮੁਕੱਰਰ ਕੀਤਾ ਜਾਵੇ।

ਪਰਿਸ਼ਦ ਦਾ ਬਜਟ।

13. ਪਰਿਸ਼ਦ, ਰਾਜ ਸਰਕਾਰ ਨੂੰ ਆਪਣਾ ਸਾਲਾਨਾ ਬਜਟ ਪੇਸ਼ ਕਰੇਗੀ ਜਿਸ ਵਿੱਚ ਅਗਲੇ ਸਾਲ ਲਈ ਪ੍ਰਾਪਤੀਆਂ ਅਤੇ ਅਦਾਇਗੀਆਂ ਦੇ ਅਨੁਮਾਨ ਹੋਣਗੇ।

ਨਿਯਮ ਬਣਾਉਣ ਦੀ ਸ਼ਕਤੀ।

14. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਇਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜਰਣ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਅਜਿਹਾ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਇਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤਿਕੂਲ ਪ੍ਰਭਾਵ ਨਹੀਂ ਪਵੇਗਾ।

**ਮਨਦੀਪ ਪੰਨੂ,**
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3464/7-2025/Pb. Govt. Press, S.A.S. Nagar*